ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 14 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੩੦ ਭਾਦਰੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

Exclusive News

## ਜੇਲ੍ਹ 'ਚੋਂ ਬਾਹਰ ਆਏ ਮੁੱਖ ਮੰਤਰੀ ਕੇਜਰੀਵਾਲ, -'ਆਪ' 'ਚ ਜਸ਼ਨ ਦਾ ਮਾਹੌਲ



**ਨਵੀਂ ਦਿੱਲੀ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤਿਹਾੜ ਜੇਲ੍ਹ 'ਚੋਂ ਬਾਹਰ ਆ ਗਏ ਹਨ। ਉਨ੍ਹਾਂ ਨੂੰ ਰਿਸੀਵ ਕਰਨ ਤਿਹਾੜ ਜੇਲ੍ਹ ਦੇ ਬਾਹਰ ਉਨ੍ਹਾਂ ਦੀ ਪਤਨੀ, ਸਾਬਕਾ ਡਿਪਟੀ ਸੀ.ਐੱਮ. ਮਨੀਸ਼ ਸਿਸੋਦੀਆ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਪਹੁੰਚੇ ਹਨ। 'ਆਪ' ਨੇਤਾਵਾਂ ਅਤੇ ਵਰਕਰਾਂ 'ਚ ਜਸ਼ਨ ਦਾ ਮਾਹੌਲ ਹੈ। ਵਰ੍ਹਦੇ ਮੀਂਹ ਦੇ ਵਿਚਾਲੇ ਵੱਡੀ ਗਿਣਤੀ 'ਚ ਵਰਕਰ ਜੇਲ੍ਹ ਦੇ ਬਾਹਰ ਕੇਜਰੀਵਾਲ ਦੇ ਬਾਹਰ ਆਉਣ ਤਕ ਡਟੇ ਰਹੇ। ਦੱਸ ਦੇਈਏ ਕਿ ਸ਼ਰਾਬ ਨੀਤੀ ਘਪਲੇ ਮਾਮਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਕੇਜਰੀਵਾਲ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਅੱਜ ਯਾਨੀ ਕਿ ਸ਼ੁੱਕਰਵਾਰ ਨੂੰ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਸੂਰਿਆਕਾਂਤ ਅਤੇ ਜਸਟਿਸ ਉੱਜਵਲ ਭੁਈਆਂ ਦੀ ਬੈਂਚ ਨੇ ਇਹ ਫ਼ੈਸਲਾ ਸੁਣਾਇਆ। ਸੁਪਰੀਮ ਕੋਰਟ ਦੀ ਬੈਂਚ ਨੇ ਕੇਜਰੀਵਾਲ ਨੂੰ 10 ਲੱਖ ਰੁਪਏ ਦੇ ਮੁਚਲਕੇ ਅਤੇ ਦੋ ਜ਼ਮਾਨਤ ਰਾਸ਼ੀਆਂ 'ਤੇ ਜ਼ਮਾਨਤ ਦਿੱਤੀ ਹੈ।

## ਚੰਡੀਗੜ੍ਹ ਗ੍ਰਨੇਡ ਹਮਲੇ ਵਿਚ ਵੱਡਾ ਖੁਲਾਸਾ

# ਮੁੱਖ ਮੁਲਜ਼ਮ ਗ੍ਰਿਫ਼ਤਾਰ

**ਚੰਡੀਗੜ੍ਹ/ਅੰਮ੍ਰਿਤਸਰ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਪੁਲਸ ਨੇ ਕੇਂਦਰੀ ਏਜੰਸੀ ਨਾਲ ਸਾਂਝੀ ਕਾਰਵਾਈ ਕਰਦਿਆਂ ਚੰਡੀਗੜ੍ਹ ਗ੍ਰਨੇਡ ਧਮਾਕੇ ਦੇ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਸਾਂਜੀ ਕੀਤੀ ਹੈ। ਡੀ. ਜੀ. ਪੀ. ਨੇ ਆਖਿਆ ਹੈ ਕਿ ਰੋਹਨ ਮਸੀਹ ਵਾਸੀ ਪਿੰਡ ਪਾਸੀਆ, ਥਾਣਾ ਰਾਮਦਾਸ, ਅੰਮ੍ਰਿਤਸਰ ਦਿਹਾਤੀ ਨੂੰ ਗ੍ਰਿਫ਼ਤਾਰ ਕਰਕੇ ਹੋਏ ਬਾਕੀ ਮੁਲਜ਼ਮਾਂ ਦੀ ਸ਼ਨਾਖ਼ਤ ਨਾਲ ਇਸ ਮਾਮਲੇ ਨੂੰ ਸੁਲਝਾ ਲਿਆ ਗਿਆ ਹੈ। ਪੁਲਸ ਨੇ ਮੁਲਜ਼ਮ ਦੇ ਕਬਜ਼ੇ ਵਿਚੋਂ ਇਕ 9 ਐੱਮਐੱਮ ਗਲਾਕ ਪਿਸਤੌਲ ਬਰਾਮਦ ਕੀਤੀ ਹੈ। ਇਸ ਸਾਰੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਚੰਡੀਗੜ੍ਹ ਪੁਲਸ ਨਾਲ ਮਿਲ ਕੇ ਕੀਤੀ ਜਾ ਰਹੀ ਹੈ। ਡੀ. ਜੀ. ਪੀ. ਨੇ ਕਿਹਾ ਕਿ ਮੁਲਜ਼ਮ ਫਿਲਹਾਲ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਦੀ ਹਿਰਾਸਤ ਵਿਚ ਹੈ। ਮੁੱਢਲੇ ਖੁਲਾਸੇ ਵਿਚ ਇਹ ਸਾਹਮਣੇ ਆਇਆ ਹੈ ਕਿ ਰੋਹਨ ਨੇ 11.09.2024 ਨੂੰ ਚੰਡੀਗੜ੍ਹ ਵਿਚ ਹੋਏ ਗ੍ਰਨੇਡ ਧਮਾਕੇ ਵਿਚ ਅਹਿਮ ਭੂਮਿਕਾ ਨਿਭਾਈ, ਜਿਸ ਨੂੰ ਉਸ ਨੇ ਸਵੀਕਾਰ ਕਰ ਲਿਆ ਹੈ।



ਜ਼ਿਕਰਯੋਗ ਹੈ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਪਹਿਲਾਂ ਹੀ ਚੰਡੀਗੜ੍ਹ ਸਥਿਤ ਘਰ 'ਤੇ ਹੋਏ ਗ੍ਰਨੇਡ ਹਮਲੇ ਦੀ ਜ਼ਿੰਮੇਵਾਰੀ ਲੈ ਚੁੱਕਾ ਹੈ। ਹਾਲ ਹੀ 'ਚ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆਂ ਨਾਮ ਦੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਪੋਸਟ ਪਾਈ ਗਈ ਹੈ, ਜਿਸ 'ਚ ਇਸ ਹਮਲੇ ਦੀ ਜ਼ਿੰਮੇਵਾਰੀ ਲੈਣ ਦੇ ਨਾਲ-ਨਾਲ ਜਲੰਧਰ ਦੇ ਨਕੋਦਰ 'ਚ 1986 ਦੀ ਘਟਨਾ ਦਾ ਜ਼ਿਕਰ ਵੀ ਕੀਤਾ ਗਿਆ ਹੈ। ਜਦੋਂ 1986 ਦੀ ਘਟਨਾ ਵਾਪਰੀ ਤਾਂ ਸੇਵਾਮੁਕਤ ਐੱਸ. ਐੱਸ. ਪੀ. ਜਸਕੀਰਤ ਸਿੰਘ ਪੰਜਾਬ ਪੁਲਸ ਵਿੱਚ ਨਕੋਦਰ ਵਿੱਚ ਐੱਸ. ਐੱਚ. ਓ. ਸਨ।

## ਚੰਡੀਗੜ੍ਹ ਬਲਾਸਟ ਮਾਮਲੇ 'ਤੇ ਭਾਈ ਗੁਰਪਤਵੰਤ ਸਿੰਘ ਪੰਨੂੰ ਦੀ ਮੁੱਖ ਮੰਤਰੀ ਮਾਨ ਤੇ ਪੰਜਾਬ ਪੁਲਸ ਨੂੰ ਧਮਕੀ



**ਜਲੰਧਰ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਗ੍ਰਨੇਡ ਧਮਾਕਾ ਮਾਮਲੇ 'ਤੇ ਸਿੱਖ ਫਾਰ ਜਸਟਿਸ ਦੇ ਚੀਫ਼ ਭਾਈ ਗੁਰਪਤਵੰਤ ਸਿੰਘ ਪੰਨੂੰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਪੁਲਸ ਨੂੰ ਚੁਣੌਤੀ ਦਿੱਤੀ ਹੈ। ਭਾਈ ਗੁਰਪਤਵੰਤ ਸਿੰਘ ਪੰਨੂੰ ਨੇ ਆਪਣੀ ਨਵੀਂ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ। ਵੀਡੀਓ ਵਿਚ ਉਨ੍ਹਾਂ ਨੇ ਚੰਡੀਗੜ੍ਹ ਬਲਾਸਟ ਦੇ ਦੋਸ਼ੀਆਂ ਦੀ ਕਾਨੂੰਨੀ ਸਹਾਇਤਾ ਕਰਨ ਦੀ ਗੱਲ ਕਹੀ ਹੈ, ਉਥੇ ਹੀ ਪੰਜਾਬ ਪੁਲਸ ਦੇ ਅਧਿਕਾਰੀਆਂ ਲਈ ਵੀ ਅੱਗੇ ਅਜਿਹੇ ਹੀ ਹਮਲੇ ਕਰਨ ਦੀ ਚੁਣੌਤੀ ਦਿੱਤੀ ਹੈ। ਭਾਈ ਗੁਰਪਤਵੰਤ ਸਿੰਘ ਪੰਨੂੰ ਨੇ ਵੀਡੀਓ 'ਚ ਕਿਹਾ ਕਿ ਚੰਡੀਗੜ੍ਹ ਧਮਾਕਾ ਖਾਲਸਾਈ ਇਨਸਾਫ਼ ਦੀ ਆਵਾਜ਼ ਬੁਲੰਦ ਕਰਦਾ ਹੈ। ਸੰਦੇਸ਼ ਦਿੰਦਾ ਹੈ ਮੁੱਖ ਮੰਤਰੀ ਭਗਵੰਤ ਮਾਨ ਨੂੰ। ਖਾਕੀ ਨਾਲ ਸਾਥ ਕੁਰਸੀ ਤੱਕ ਦਾ, ਕੇਸਰੀ ਨਾਲ ਵੈਰ ਜ਼ਿੰਦਗੀ ਤੱਕ ਦਾ। ਸਿੱਖ ਫਾਰ ਜਸਟਿਸ ਨੌਜਵਾਨਾਂ ਦੇ ਬਚਾਅ 'ਤੇ 5 ਲੱਖ ਰੁਪਏ ਖ਼ਰਚ ਕਰੇਗੀ। ਭਾਈ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਐੱਸ. ਐੱਫ਼. ਜੇ. ਦਾ ਸੰਦੇਸ਼ ਜਸਕੀਰਤ ਸਿੰਘ ਚਾਹਲ ਵਰਗੇ ਪੁਲਸ ਅਧਿਕਾਰੀਆਂ ਨੂੰ ਹੈ। ਖਾਲਸਾਈ ਇਨਸਾਫ਼ ਦੀ ਗੋਲੀ ਹਮੇਸ਼ਾ ਪਿੱਛਾ ਕਰੇਗੀ। ਐੱਸ. ਐੱਫ਼. ਜੇ. ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਵੋਟ ਮੁਹਿੰਮ ਚਲਾ ਰਹੀ ਹੈ। ਭਗਵੰਤ ਮਾਨ ਅਤੇ ਪੁਲਸ ਅਫ਼ਸਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ, ਸੂਚੀਆਂ ਬਣ ਚੁੱਕੀਆਂ ਹਨ ਅਤੇ ਨਿਆਂ ਕੁਝ ਚੋਣਵੇਂ ਲੋਕਾਂ ਨੂੰ ਹੀ ਮਿਲੇਗਾ। ਭਾਈ ਗੁਰਪਤਵੰਤ ਸਿੰਘ ਪੰਨੂੰ ਦੀ ਇਹ ਵੀਡੀਓ ਚੰਡੀਗੜ੍ਹ ਵਿਚ ਹੋਏ ਗ੍ਰਨੇਡ ਹਮਲੇ ਦੇ ਮੁੱਖ ਮੁਲਜ਼ਮ ਰੋਹਨ ਮਸੀਹ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਆਈ ਹੈ। ਕੁਝ ਸਮਾਂ ਪਹਿਲਾਂ ਪੰਜਾਬ ਪੁਲਸ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਜਾਣਕਾਰੀ ਸਾਂਝੀ ਕੀਤੀ ਸੀ ਕਿ ਪੁਲਸ ਨੇ ਗ੍ਰਨੇਡ ਸੁੱਟਣ ਵਾਲੇ ਦੋਸ਼ੀ ਰੋਹਨ ਮਸੀਹ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਮੁਲਜ਼ਮ ਅੰਮ੍ਰਿਤਸਰ ਦੇ ਪਿੰਡ ਪਾਸੀਆ ਦਾ ਰਹਿਣ ਵਾਲਾ ਹੈ। ਉਸ ਦੇ ਕਬਜ਼ੇ ਵਿੱਚੋਂ ਇਕ 9 ਐੱਮ. ਐੱਮ. ਦਾ ਗਲਾਕ ਪਿਸਤੌਲ ਅਤੇ ਗੋਲਾ ਬਾਰੂਦ ਬਰਾਮਦ ਹੋਇਆ ਹੈ।

## ਬਰਨਾਲਾ 'ਚ ਤਣਾਅਪੂਰਨ ਹੋਇਆ ਮਾਹੌਲ, ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਤਾਇਨਾਤ, ਵੱਡੀ ਗਿਣਤੀ ਪਹੁੰਚੀ ਪੁਲਸ




**ਬਰਨਾਲਾ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਬਰਨਾਲਾ ਬੱਸ ਅੱਡੇ 'ਤੇ ਮਾਹੌਲ ਉਸ ਸਮੇਂ ਤਣਾਅਪੂਰਨ ਹੋ ਗਿਆ ਜਦੋਂ ਐੱਸ. ਜੀ. ਪੀ. ਸੀ. ਟਾਸਕ ਫੋਰਸ ਦੇ ਮੁਲਾਜ਼ਮ ਅਤੇ ਦੁਕਾਨਦਾਰ ਆਹਮੋ ਸਾਹਮਣੇ ਹੋ ਗਏ। ਦਰਅਸਲ ਐੱਸ. ਜੀ. ਪੀ. ਸੀ. ਮੁਲਾਜ਼ਮਾਂ ਨੇ ਕਈ ਦੁਕਾਨਾਂ ਬੰਦ ਕਰ ਦਿੱਤੀਆਂ। ਜਿਸ ਤੋਂ ਬਾਅਦ ਮਾਹੌਲ ਤਣਾਅਪੂਰਨ ਹੋ ਗਿਆ ਅਤੇ ਭਾਰੀ ਪੁਲਸ ਫੋਰਸ ਮੌਕੇ 'ਤੇ ਤਾਇਨਾਤ ਕਰਨੀ ਪਈ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਅਤੇ ਹੋਰ ਕਰਮਚਾਰੀਆਂ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਬਰਨਾਲਾ ਦੇ ਬੱਸ ਅੱਡੇ ਦੇ ਨਜ਼ਦੀਕ ਸਾਰੀਆਂ ਦੁਕਾਨਾਂ ਸ਼੍ਰੋਮਣੀ ਕਮੇਟੀ ਦੀਆਂ ਹਨ ਪਰ ਮਹੰਤ ਪਿਆਰਾ ਸਿੰਘ ਨੇ ਬਿਨਾਂ ਕਿਸੇ ਕੋਰਟ ਦੇ ਹੁਕਮ ਦੇ ਦੁਕਾਨਦਾਰਾਂ ਨੂੰ ਗੁੰਮਰਾਹ ਕਰਕੇ ਦੁਕਾਨਾਂ ਦਾ ਕਿਰਾਇਆ ਵਸੂਲਣਾ ਸ਼ੁਰੂ ਕਰ ਦਿੱਤਾ ਹੈ। ਇਹ ਦੁਕਾਨਾਂ ਪਿਛਲੇ 50 ਸਾਲਾਂ ਤੋਂ ਐੱਸ.ਜੀ.ਪੀ.ਸੀ. ਦੇ ਨਾਂ 'ਤੇ ਕਿਰਾਏ 'ਤੇ ਹਨ ਅਤੇ ਐੱਸ.ਜੀ.ਪੀ.ਸੀ. ਹੀ ਇਹ ਕਿਰਾਇਆ ਵਸੂਲਦੀ ਰਹੀ ਹੈ ਪਰ ਉਕਤ ਮਹੰਤ ਨੇ ਦੁਕਾਨਾਂ ਦਾ ਕਿਰਾਇਆ ਅੱਧਾ ਕਰਨ ਦਾ ਲਾਲਚ ਦਿੱਤਾ। ਮਹੰਤ ਦੇ ਨਾਲ ਮਿਲ ਕੇ ਕੁਝ ਦੁਕਾਨਦਾਰ ਇਹ ਦੁਕਾਨਾਂ ਹੜੱਪਣਾ ਚਾਹੁੰਦੇ ਹਨ। ਉਹ ਉਨ੍ਹਾਂ ਦੀਆਂ ਦੁਕਾਨਾਂ ਉੱਤੇ ਕਾਰਵਾਈ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿਚ ਦੁਕਾਨਦਾਰ ਕਿਰਾਇਆ ਨਹੀਂ ਦੇ ਰਹੇ ਹਨ ਜਦਕਿ ਕੁਝ ਦੁਕਾਨਦਾਰ ਕਿਰਾਇਆ ਦੇ ਰਹੇ ਹਨ। ਹੁਣ ਤੱਕ ਉਹ 8 ਦੁਕਾਨਾਂ 'ਤੇ ਤਾਲੇ ਲਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕਾਨੂੰਨ ਦੇ ਦਾਇਰੇ 'ਚ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਨੇ ਮੌਕੇ 'ਤੇ ਪਹੁੰਚ ਕੇ ਇਸ ਮਸਲੇ ਨੂੰ ਸੁਲਝਾਉਣ ਦਾ ਯਤਨ ਕੀਤਾ ਹੈ, ਜਿਸ ਕਰਕੇ ਉਨ੍ਹਾਂ ਨੇ ਆਪਣੀ ਕਾਰਵਾਈ ਰੋਕ ਦਿੱਤੀ ਹੈ। ਇਸ ਮੌਕੇ ਪ੍ਰਦਰਸ਼ਨਕਾਰੀ ਦੁਕਾਨਦਾਰਾਂ ਨੇ ਕਿਹਾ ਕਿ ਬੱਸ ਅੱਡੇ ਦੇ ਨਜ਼ਦੀਕ ਦੀਆਂ ਦੁਕਾਨਾਂ ਡੇਰਾ ਬਾਬਾ ਗਾਂਧਾ ਸਿੰਘ ਦੀਆਂ ਹਨ। ਪਹਿਲਾਂ ਇਹ ਦੁਕਾਨਾਂ ਐੱਸ.ਜੀ.ਪੀ.ਸੀ. ਦੇ ਅਧੀਨ ਸਨ ਪਰ ਕੁਝ ਸਮੇਂ ਪਹਿਲਾਂ ਡੇਰਾ ਅਤੇ ਐੱਸ.ਜੀ.ਪੀ.ਸੀ. ਕੋਰਟ ਜਾ ਰਹੇ ਸਨ।

## ਜਗਦੀਸ਼ ਟਾਈਟਲਰ ਵਿਰੁੱਧ ਗੰਭੀਰ ਧਾਰਾਵਾਂ ਹੇਠ ਚਾਲੂ ਹੋਇਆ 'ਦਿੱਲੀ ਸਿੱਖ ਕਤਲੇਆਮ' ਦਾ ਮਾਮਲਾ, 3 ਅਕਤੂਬਰ ਤੋਂ ਗਵਾਹੀ ਹੋਵੇਗੀ ਰਿਕਾਰਡ



**ਨਵੀਂ ਦਿੱਲੀ 13 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਦੀ ਅਦਾਲਤ ਨੇ 1984 ਸਿੱਖ ਕਤਲੇਆਮ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰ ਦਿੱਤੇ ਹਨ। ਅਦਾਲਤ ਨੇ ਟਾਈਟਲਰ ਦੇ ਖਿਲਾਫ ਕਤਲ, ਗੈਰ-ਕਾਨੂੰਨੀ ਇਕੱਠ, ਦੰਗੇ ਭੜਕਾਉਣ, ਵੱਖ-ਵੱਖ ਗਰੁੱਪਾਂ ਨੂੰ ਇਕ-ਦੂਜੇ ਖਿਲਾਫ ਭੜਕਾਉਣ, ਘਰਾਂ 'ਚ ਜ਼ਬਰਦਸਤੀ ਦਾਖਲ ਹੋਣ ਅਤੇ ਚੋਰੀ ਕਰਨ ਦੇ ਦੋਸ਼ ਤੈਅ ਕੀਤੇ ਹਨ। ਇਸ ਲਈ ਹੁਣ ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਹੀ ਟਾਈਟਲਰ ਖ਼ਿਲਾਫ਼ ਕੇਸ ਅੱਗੇ ਵਧੇਗਾ। ਅਦਾਲਤ ਨੇ 30 ਅਗਸਤ ਨੂੰ ਪਿਛਲੀ ਸੁਣਵਾਈ ਦੌਰਾਨ ਕਿਹਾ ਸੀ ਕਿ 20 ਮਈ 2023 ਨੂੰ ਸੀਬੀਆਈ ਨੇ ਟਾਈਟਲਰ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਨ ਲਈ ਕਾਫੀ ਸਬੂਤ ਦਿੱਤੇ ਸਨ। ਜਿਸ ਵਿਚ ਕਿਹਾ ਗਿਆ ਸੀ ਕਿ ਟਾਈਟਲਰ ਨੇ ਭੀੜ ਨੂੰ ਭੜਕਾਇਆ ਸੀ। ਇਸ ਤੋਂ ਬਾਅਦ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ ਗਈ। ਇਸ ਹਿੰਸਾ ਵਿੱਚ ਠਾਕੁਰ ਸਿੰਘ, ਬਾਦਲ ਸਿੰਘ ਅਤੇ ਗੁਰਚਰਨ ਸਿੰਘ ਮਾਰੇ ਗਏ ਸਨ। ਇਸ ਤੋਂ ਬਾਅਦ ਉਸ ਨੇ ਭੀੜ ਨੂੰ ਭੜਕਾਇਆ ਅਤੇ ਕਿਹਾ, ਸਿੱਖਾਂ ਨੂੰ ਮਾਰੋ, ਉਨ੍ਹਾਂ ਨੇ ਸਾਡੀ ਮਾਂ ਨੂੰ ਮਾਰਿਆ ਹੈ। ਸਿੱਖ ਕਤਲੇਆਮ ਮਾਮਲੇ ਵਿੱਚ ਸੀਬੀਆਈ ਟਾਈਟਲਰ ਨੂੰ ਤਿੰਨ ਵਾਰ ਕਲੀਨ ਚਿੱਟ ਦੇ ਚੁੱਕੀ ਹੈ। ਪਹਿਲੀ ਕਲੀਨ ਚਿੱਟ 2007 ਵਿੱਚ ਦਿੱਤੀ ਗਈ ਸੀ, ਪਰ ਅਦਾਲਤ ਨੇ ਇਸ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਅਤੇ ਮੁੜ ਜਾਂਚ ਦੇ ਹੁਕਮ ਦਿੱਤੇ। ਇਸ ਤੋਂ ਬਾਅਦ 2013 ਵਿੱਚ ਸੀ.ਬੀ.ਆਈ ਨੇ ਸਬੂਤਾਂ ਦੀ ਘਾਟ ਦਾ ਹਵਾਲਾ ਦਿੰਦੇ ਹੋਏ ਟਾਈਟਲਰ ਨੂੰ ਮੁੜ ਕਲੀਨ ਚਿੱਟ ਦੇ ਦਿੱਤੀ। ਅਖੀਰ ਦਸੰਬਰ 2015 ਵਿੱਚ ਅਦਾਲਤ ਨੇ ਸੀ.ਬੀ.ਆਈ. ਨੂੰ ਮਾਮਲੇ ਦੀ ਹੋਰ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ ਅਤੇ ਕਿਹਾ ਸੀ ਕਿ ਉਹ ਹਰ ਦੋ ਮਹੀਨੇ ਬਾਅਦ ਜਾਂਚ ਦੀ ਨਿਗਰਾਨੀ ਕਰੇਗੀ ਤਾਂ ਜੋ ਹਰ ਪਹਿਲੂ ਦੀ ਜਾਂਚ ਯਕੀਨੀ ਬਣਾਈ ਜਾ ਸਕੇ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਸੀ.ਬੀ.ਆਈ. ਨੂੰ ਉਨ੍ਹਾਂ ਸਾਰੇ ਗਵਾਹਾਂ ਦੇ ਬਿਆਨ ਦਰਜ ਕਰਨੇ ਚਾਹੀਦੇ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਚਸ਼ਮਦੀਦ ਗਵਾਹ ਦੱਸਿਆ ਅਤੇ ਟਾਈਟਲਰ ਨੂੰ ਦੰਗਾ ਭੜਕਾਉਂਦੇ ਦੇਖਿਆ। ਜਿਨ੍ਹਾਂ ਗਵਾਹਾਂ ਨੇ ਸੀਬੀਆਈ ਕੋਲ ਆਪਣੀ ਗਵਾਹੀ ਦਰਜ ਕਰਵਾਉਣ ਲਈ ਪਹੁੰਚ ਕੀਤੀ ਸੀ, ਉਨ੍ਹਾਂ ਦੇ ਵੀ ਬਿਆਨ ਲਏ ਜਾਣ। ਇਸ ਤੋਂ ਬਾਅਦ ਸੀਬੀਆਈ ਨੇ ਇੱਕ ਹੋਰ ਜਾਂਚ ਕੀਤੀ ਅਤੇ ਚਾਰਜਸ਼ੀਟ ਵਿੱਚ ਟਾਈਟਲਰ ਦਾ ਨਾਮ ਸ਼ਾਮਲ ਕੀਤਾ। ਜਿਕਰਯੋਗ ਹੈ ਕਿ ਇਸ ਮਾਮਲੇ ਦੀ ਸ਼ਿਕਾਇਤਕਰਤਾ ਮ੍ਰਿਤਕ ਬਾਦਲ ਸਿੰਘ ਦੀ ਪਤਨੀ ਲਖਵਿੰਦਰ ਕੌਰ ਹੈ। ਸੁਣਵਾਈ ਦੌਰਾਨ ਅਦਾਲਤ ਨੇ ਟਾਈਟਲਰ ਦੇ ਵਕੀਲ ਦੀ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਕਾਂਗਰਸੀ ਆਗੂ ਨੂੰ ਫਸਾਉਣ ਲਈ ਤਿੰਨ ਮੁੱਖ ਗਵਾਹਾਂ ਹਰਪਾਲ ਕੌਰ, ਹਰਵਿੰਦਰਜੀਤ ਸਿੰਘ ਅਤੇ ਅਬਦੁਲ ਵਾਹਿਦ ਨੇ ਦਹਾਕਿਆਂ ਬਾਅਦ ਗਵਾਹੀ ਦਿੱਤੀ ਸੀ। ਅਦਾਲਤ ਅੰਦਰ ਬੀਬੀ ਨਿਰਪ੍ਰੀਤ ਕੌਰ ਸਮੇਤ ਵਡੀ ਗਿਣਤੀ ਵਿਚ ਕਤਲੇਆਮ ਪੀੜਿਤ ਹਾਜਿਰ ਸਨ। ਚਲ ਰਹੇ ਮਾਮਲੇ ਦੀ ਅਗਲੀ ਸੁਣਵਾਈ 3 ਅਕਤੂਬਰ ਨੂੰ ਹੋਵੇਗੀ।

## ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੇ ਇਕ ਮਾਮਲੇ ਦੀ ਸੁਣਵਾਈ ਜੱਜ ਸਾਹਿਬ ਦੇ ਹਾਜਿਰ ਨਾ ਹੋਣ ਕਰਕੇ ਹੋਈ ਮੁਲਤਵੀ



**ਨਵੀਂ ਦਿੱਲੀ 13 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:-ਦਿੱਲੀ ਦੀ ਰਾਉਸ ਐਵੇਨਿਊ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਸਰਸਵਤੀ ਵਿਹਾਰ ਕੇਸ ਦੇ ਮੁਲਜ਼ਮ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਦਰਜ ਕੇਸ ਦੀ ਸੁਣਵਾਈ ਜੱਜ ਸਾਹਿਬ ਦੇ ਅਦਾਲਤ ਅੰਦਰ ਹਾਜਿਰ ਨਾ ਹੋਣ ਕਰਕੇ ਮੁਲਤਵੀ ਕਰ ਦਿੱਤੀ ਗਈ। ਜਿਕਰਯੋਗ ਹੈ ਕਿ ਇਹ ਕੇਸ 1 ਨਵੰਬਰ 1984 ਦਾ ਹੈ, ਜਿਸ ਵਿੱਚ ਪੱਛਮੀ ਦਿੱਲੀ ਦੇ ਰਾਜ ਨਗਰ ਵਿੱਚ ਸਰਦਾਰ ਜਸਵੰਤ ਸਿੰਘ ਅਤੇ ਸਰਦਾਰ ਤਰੁਣ ਦੀਪ ਸਿੰਘ ਦਾ ਕਤਲ ਕੀਤਾ ਗਿਆ ਸੀ। ਸ਼ਾਮ ਕਰੀਬ 4.30 ਵਜੇ ਦੰਗਾਕਾਰੀਆਂ ਦੀ ਭੀੜ ਨੇ ਰਾਜ ਨਗਰ ਇਲਾਕੇ 'ਚ ਪੀੜਤਾਂ ਦੇ ਘਰ 'ਤੇ ਲੋਹੇ ਦੀਆਂ ਰਾਡਾਂ ਅਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ। ਸ਼ਿਕਾਇਤਕਰਤਾਵਾਂ ਦੇ ਅਨੁਸਾਰ, ਇਸ ਭੀੜ ਦੀ ਅਗਵਾਈ ਸੱਜਣ ਕੁਮਾਰ ਕਰ ਰਹੇ ਸਨ, ਜੋ ਉਸ ਸਮੇਂ ਬਾਹਰੀ ਦਿੱਲੀ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਸੰਸਦ ਸਨ, ਸ਼ਿਕਾਇਤ ਦੇ ਅਨੁਸਾਰ, ਸੱਜਣ ਕੁਮਾਰ ਨੇ ਭੀੜ ਨੂੰ ਹਮਲਾ ਕਰਨ ਲਈ ਉਕਸਾਇਆ, ਜਿਸ ਤੋਂ ਬਾਅਦ ਭੀੜ ਨੇ ਸਰਦਾਰ ਜਸਵੰਤ ਸਿੰਘ ਅਤੇ ਸਰਦਾਰ ਤਰੁਣ ਦੀ ਹੱਤਿਆ ਕਰ ਦਿੱਤੀ ਅਤੇ ਨਾਲ ਹੀ ਦੀਪ ਸਿੰਘ ਨੂੰ ਜਿਉਂਦਾ ਸਾੜ ਦਿੱਤਾ ਗਿਆ। ਭੀੜ ਨੇ ਪੀੜਤਾਂ ਦੇ ਘਰਾਂ ਵਿੱਚ ਭੰਨਤੋੜ, ਲੁੱਟਮਾਰ ਅਤੇ ਅੱਗਜ਼ਨੀ ਕੀਤੀ। ਤਤਕਾਲੀ ਰੰਗਨਾਥ ਮਿਸ਼ਰਾ ਦੀ ਅਗਵਾਈ ਵਾਲੇ ਜਾਂਚ ਕਮਿਸ਼ਨ ਅੱਗੇ ਸ਼ਿਕਾਇਤਕਰਤਾ ਵੱਲੋਂ ਦਿੱਤੇ ਹਲਫ਼ਨਾਮੇ ਦੇ ਆਧਾਰ 'ਤੇ ਉੱਤਰੀ ਜ਼ਿਲ੍ਹੇ ਦੇ ਸਰਸਵਤੀ ਵਿਹਾਰ ਪੁਲਿਸ ਸਟੇਸ਼ਨ 'ਚ ਐਫਆਈਆਰ ਦਰਜ ਕੀਤੀ ਗਈ ਸੀ। ਐਫਆਈਆਰ ਵਿੱਚ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 147, 148, 149, 395, 397, 302, 307, 436 ਅਤੇ 440 ਦੇ ਤਹਿਤ ਦੋਸ਼ ਸ਼ਾਮਲ ਹਨ। ਅਦਾਲਤ ਅੰਦਰ ਸੱਜਣ ਕੁਮਾਰ ਦੇ ਇਕ ਮਾਮਲੇ ਦੀ ਮੁੱਖ ਗਵਾਹ ਬੀਬੀ ਨਿਰਪ੍ਰੀਤ ਕੌਰ ਸਮੇਤ ਵਡੀ ਗਿਣਤੀ ਵਿਚ ਕਤਲੇਆਮ ਪੀੜਿਤ ਹਾਜਿਰ ਸਨ। ਚਲ ਰਹੇ ਮਾਮਲੇ ਦੀ ਅਗਲੀ ਸੁਣਵਾਈ 1 ਅਕਤੂਬਰ ਨੂੰ ਹੋਵੇਗੀ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ



ਸ੍ਰੀ ਅਕਾਲ ਤਖ਼ਤ ਸਾਹਿਬ | ਤਖ਼ਤ ਸ੍ਰੀ ਪਟਨਾ ਸਾਹਿਬ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ਤਖ਼ਤ ਸ੍ਰੀ ਦਮਦਮਾ ਸਾਹਿਬ | ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**


## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ +44 7813953484
ਭਾਈ ਅਮਰੀਕ ਸਿੰਘ ਤੂਰ ਡਰਬੀ +44 7539243163
ਭਾਈ ਰਘਵੀਰ ਸਿੰਘ ਵਾਲਸਾਲ +44 7976210161
ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ +44 7895666314
ਭਾਈ ਬਲਜੀਤ ਸਿੰਘ ਕੰਗ +44 7780605230
ਭਾਈ ਕਪਤਾਨ ਸਿੰਘ ਵੁਲਵਰਹੈਂਪਟਨ +44 7788283485

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net




ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST LUNCH DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਂ ਕੰਨਾ-ਬਿੰਦੀ
www.damdamitaksal.net

੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.


www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।










**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621


ITHIHAAS
KATHA
GIANI BALVINDER SINGH 'RODE'
HEAD GRANTHI
GURDWARA SANT KHALSA JANAM ASTHAN
SANT JARNAIL SINGH KHALSA BHINDRANWALE
7-8PM
MON 9TH - THURSDAY 12TH
SEPTEMBER
10:30AM - 11:15AM
SUNDAY 15TH SEPTEMBER
ਆਵਾਜ਼ਿ ਕੌਮ
AWAZE QAUM
International Newspaper & WEB TV
SRI GURU SINGH SABHA, SHEEHY WAY, SLOUGH, SL2 5SS

ੴ

ਸਤਿਗੁਰ ਪ੍ਰਸਾਦਿ। ।
ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥



## ਬਾਬਾ ਜੰਗ ਸਿੰਘ (ਪ੍ਰਧਾਨ ਬੰਦੀ ਸਿੰਘ ਰਿਹਾਈ ਮੋਰਚਾ)

ਪੁੱਤਰ ਸਰਦਾਰ ਜਸਪਾਲ ਸਿੰਘ ਜੋ ਕਿ ਪਿਛਲੀ ਦਿਨੀ ਮਿਤੀ 04/09/2024 ਨੂੰ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ।

# ਅੰਤਿਮ ਅਰਦਾਸ

14/09/2024 ਨੂੰ ਸਮਾਂ 12 ਤੋਂ 01 ਗੁਰੂਦੁਆਰਾ ਸ਼੍ਰੀ ਫਤਿਹਗੜ ਸਾਹਿਬ ਦਿਵਾਨ ਟੋਡਰ ਮੱਲ ਹਾਲ ਵਿੱਚ ਕੀਤਾ ਜਾਣਾ ਹੈ। ਆਪ ਸਭ ਨੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

# ਗੁਰੂ ਦੇ ਭਾਣੇ

************* *************

(ਪਤਨੀ) ਬੀਬੀ ਸੁੱਖਵਿੰਦਰ ਕੌਰ * (ਬੇਟਾ) ਅਰਸ਼ਵੀਰ ਸਿੰਘ

(ਭਣੋਈਆ) ਲਖਵਿੰਦਰ ਸਿੰਘ ਬੁੜੈਲ ਜੇਲ * (ਬੇਟੀ) ਹਰਸਿਮਰਨ ਕੌਰ

ਆਵਾਜ਼ਿ ਕੌਮ AWAZE QAUM International Newspaper & WEB TV

## ਬੰਦੀ ਸਿੰਘ ਰਿਹਾਈ ਮੋਰਚਾ


ਲਖਵਿੰਦਰ ਸਿੰਘ ਬੁੜੈਲ ਜੇਲ
M.9855767502
Harry: M.8437430807

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਬਾਬੇ ਦਾ ਵਿਆਹ (ਬਟਾਲਾ)

**ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਵਿਆਹ ਪੁਰਬ**



- ☛ ਜਨਮ ਦਿਹਾੜਾ ਧੰਨ ਬਾਬਾ ਸ੍ਰੀ ਚੰਦ ਸਾਹਿਬ ਜੀ।
- ☛ ਸਲਾਨਾ ਬਰਸੀਂ ਬਾਬਾ ਬਿਧੀ ਚੰਦ ਸਾਹਿਬ ਜੀ ਨੂੰ

ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ਨਿੱਚਰਵਾਰ 14 ਸਤੰਬਰ ਸ਼ਾਮ 5 ਤੋਂ 8 ਵਜ ਤੱਕ ਦੀਵਾਨ ਸਜਣਗੇ।**

ਐਤਵਾਰ 15 ਸਤੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕੀਰਤਨੀ ਜਥਾ ਰਾਗੀ ਭਾਈ ਹਰਿੰਦਰ ਸਿੰਘ ਬੰਬੇ ਵਾਲੇ ਕੀਰਤਨ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778


1984
2024
ਸਲਾਨਾ ਨੈਸ਼ਨਲ ਸਿੱਖ ਕਨਵੈਨਸ਼ਨ
ਸਿੱਖ ਫੈਡਰੇਸ਼ਨ (ਯੂਕੇ) SIKH FEDERATION (UK)
Sikh Federation UK
NATIONAL SIKH CONVENTION
Highlighting the issues facing the Sikh Community & leading the campaign for re-establishing a Sikh homeland
SUNDAY 15 SEPTEMBER 2024
ਸਿੱਖ ਫੈਡਰੇਸ਼ਨ (ਯੂਕੇ) ਦੀ 40ਵੀਂ ਸਲਾਨਾ ਕਨਵੈਨਸ਼ਨ 15 ਸਤੰਬਰ ਦਿਨ ਐਤਵਾਰ ਨੂੰ
ਗੁਰੂ ਨਾਨਕ ਗੁਰਦੁਆਰਾ, ਸੈਜਲੀ ਸਟਰੀਟ, ਵੁਲਵਰਹੈਂਪਟਨ ਵਿਖੇ ਹੋ ਰਹੀ ਹੈ।
ਪ੍ਰੋਗਰਾਮ: ਆਰੰਭ ਸ੍ਰੀ ਅਖੰਡ ਪਾਠ ਸਾਹਿਬ 13 ਸਤੰਬਰ 10 ਵਜੇ ਅਤੇ ਭੋਗ 15 ਸਤੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਉਪਰੰਤ ਵੱਖ ਵੱਖ ਦੇਸ਼ਾਂ ਤੋਂ ਆਏ ਪੰਥਕ, ਰਾਜਨੀਤਕ ਅਤੇ ਧਾਰਮਿਕ ਬੁਲਾਰਿਆਂ ਦੇ ਨਾਲ ਪੰਥ ਦੇ ਮਹਾਨ ਕੀਰਤਨੀ, ਢਾਡੀ ਅਤੇ ਕਵੀਸ਼ਰੀ ਜਥੇ ਪਹੁੰਚ ਰਹੇ ਹਨ ।
ਸਮੂੰਹ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ 15 ਸਤੰਬਰ ਦਿਨ ਐਤਵਾਰ 10 ਵਜੇ ਕਨਵੈਨਸ਼ਨ ਵਿਚ ਪਹੁੰਚ ਕੇ ਪੰਥਕ ਵਿਚਾਰਾਂ ਸਰਵਣ ਕਰੋ ਜੀ ।
Sri Akhand Paath Sahib Arambh: Fri 13th at 10am
Bhog: Sun 15th at 10am
• Open invitation to all Panthic Organisations and Gurdwaras
• Special guest Panthic & Political speakers from the UK and Internationally
• Release of the 2023-24 SFUK Annual Report
40 YEARS
GURU NANAK GURDWARA
SEDGLEY ST, WOLVERHAMPTON
WV2-3AJ
ਖਾਲਿਸਤਾਨ
KHALISTAN
FOR FURTHER INFORMATION CONTACT:
Bhai Amrik Singh
Chairperson
07860 633 488
Bhai Kuldeep Singh
Vice Chairperson
07938 633 554
Contact your local Gurdwara regarding transport arrangements
Bhai Hardish Singh
Chief Organiser
07886 781724
Bhai Dabinderjit Singh
Principle Advisor
07485 039944
info@sikhfeduk.com
www.sikhfeduk.com
Sikh Federation UK
@Sikhfeduk
@SikhFed_UK


ਬਾਬਾ ਜੰਗ ਸਿੰਘ ਜੀ ਮੁਸਤਫ਼ਾਬਾਦ ਵਾਲੇ
ਬੰਦੀ ਸਿੰਘ ਰਿਹਾਈ ਮੋਰਚੇ ਦੇ ਮੁੱਖੀ ਬਾਬਾ ਜੰਗ ਸਿੰਘ ਜੀ ਮੁਸਤਫ਼ਾਬਾਦ ਵਾਲਿਆਂ ਦਾ ਦਸਿਹਰਾ ਸਮਾਗਮ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਅੱਜ 14 ਸਤੰਬਰ ਨੂੰ ਹੋਵੇਗਾ
ਸਮੂਹ ਸਿੱਖ ਸੰਸਥਾਵਾਂ ਜਥੇਬੰਦੀਆਂ ਅਤੇ ਪੰਥਿਕ ਸ਼ਖਸੀਅਤਾ ਨੂੰ ਹਾਜ਼ਰੀ ਭਰਨ ਦੀ ਹੱਥ ਜੋੜ ਬੇਨਤੀ ਕਰਦੇ ਹਾਂ।
--: ਜਾਰੀ ਕਰਤਾ :---
ਭਾਈ ਸੁਰਿੰਦਰ ਸਿੰਘ ਠੀਕਰੀਵਾਲ
ਭਾਈ ਰਮਨਦੀਪ ਸਿੰਘ ਬੱਗਾ (ਤਿਹਾੜ ਜੇਲ੍ਹ )
ਭਾਈ ਹਰਦੀਪ ਸਿੰਘ ਸ਼ੇਰਾ (ਤਿਹਾੜ ਜੇਲ੍ਹ )
ਭਾਈ ਇਕਬਾਲਪ੍ਰੀਤ ਸਿੰਘ ਭੁੱਚੀ


ਬਾਬਾ ਜੰਗ ਸਿੰਘ ਜੀ ਮੁਸਤਫ਼ਾਬਾਦ ਵਾਲੇ
ਬੰਦੀ ਸਿੰਘ ਰਿਹਾਈ ਮੋਰਚੇ ਦੇ ਮੁੱਖੀ ਬਾਬਾ ਜੰਗ ਸਿੰਘ ਜੀ ਮੁਸਤਫ਼ਾਬਾਦ ਵਾਲਿਆਂ ਦਾ ਦਸਿਹਰਾ ਸਮਾਗਮ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਅੱਜ 14 ਸਤੰਬਰ ਨੂੰ ਹੋਵੇਗਾ
ਸਮੂਹ ਸਿੱਖ ਸੰਸਥਾਵਾਂ ਜਥੇਬੰਦੀਆਂ ਅਤੇ ਪੰਥਿਕ ਸ਼ਖਸੀਅਤਾ ਨੂੰ ਹਾਜ਼ਰੀ ਭਰਨ ਦੀ ਹੱਥ ਜੋੜ ਬੇਨਤੀ ਕਰਦੇ ਹਾਂ।
--: ਜਾਰੀ ਕਰਤਾ :---
ਭਾਈ ਲਖਵਿੰਦਰ ਸਿੰਘ ਲੱਖਾ
ਭਾਈ ਸੁਰਿੰਦਰ ਸਿੰਘ ਠੀਕਰੀਵਾਲ
ਭਾਈ ਜੈਮਲ ਸਿੰਘ ਦਮਦਮੀ ਟਕਸਾਲ

# ਸਿੱਖ ਫੈਡਰੇਸ਼ਨ ਯੂ.ਕੇ. ਦੀ 40ਵੀਂ ਸਾਲਾਨਾ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ 15 ਸਤੰਬਰ 2024 ਨੂੰ



ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

## ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜ਼ਲੀ ਸਟਰੀਟ, ਵੁਲਵਰਹੈਂਪਟਨ ਯੂ.ਕੇ. ਵਿਖੇ ਪਹੁੰਚਣ ਦਾ ਖੁੱਲ੍ਹਾ ਸੱਦਾ

ਗੁਰੂ ਪਿਆਰੀ ਸਾਧ ਸੰਗਤ ਜੀਓ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

15 ਸਤੰਬਰ 2024 ਦਿਨ ਐਤਵਾਰ ਸਵੇਰੇ 10.00 ਵਜੇ ਤੋਂ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜ਼ਲੀ ਸਟਰੀਟ, ਵੁਲਵਰਹੈਂਪਟਨ ਯੂ.ਕੇ. ਵਿਖੇ ਸਿੱਖ ਫੈਡਰੇਸ਼ਨ ਯੂ.ਕੇ. ਵਲੋਂ 40ਵੀਂ ਸਾਲਾਨਾ ਕਨਵੈਨਸ਼ਨ ਕਰਵਾਈ ਜਾ ਰਹੀ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਦੀ ਰਾਜਸੀ ਅਗਵਾਈ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਦੇ ਜਥੇਬੰਦਕ ਢਾਂਚੇ ਵਿਚ ਕੀਤੀ ਜਾ ਰਹੀ ਤਬਦੀਲੀ ਦਾ ਐਲਾਨ ਕੀਤਾ ਜਾਵੇਗਾ। ਜਿਸ ਵਿਚ ਪੰਚ ਪ੍ਰਧਾਨੀ ਪ੍ਰਣਾਲੀ, ਰਾਸ਼ਟਰੀ ਕਾਰਜਕਾਰੀ ਟੀਮ, ਬਰਤਾਨਵੀ ਨੌਜਵਾਨਾਂ ਦੀ ਯੋਗ ਅਗਵਾਈ ਅਤੇ ਬੀਬੀਆਂ ਦੇ ਕੰਮਕਾਜੀ ਵਿੰਗ ਦਾ ਐਲਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ, ਸਿੱਖ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਮਾਮਲਿਆਂ ਤੋਂ ਇਲਾਵਾ ਸਿੱਖ ਹੋਮਲੈਂਡ ਦੀ ਪੁਨਰ ਸਥਾਪਨਾ ਸੰਬੰਧੀ ਵਿਚਾਰ ਪੇਸ਼ ਕੀਤੇ ਜਾਣਗੇ। ਸਿੱਖ ਚੋਣ ਮਨੋਰਥ ਪੱਤਰ ਵਿਚ ਦਰਜ ਮੰਗਾਂ ਅਤੇ ਲੇਬਰ ਸਰਕਾਰ ਦੇ ਵਾਅਦਿਆਂ 'ਤੇ ਚਰਚਾ ਕੀਤੀ ਜਾਵੇਗੀ। ਆਜ਼ਾਦੀ ਪਸੰਦ ਅਤੇ ਸੰਘਰਸ਼ੀ ਬੁਲਾਰੇ ਵਿਸ਼ਵ ਭਰ ਤੋਂ ਪਹੁੰਚ ਰਹੇ ਹਨ।

Guru Nanak Sikh Gurdwara, Sedgley Street Wolverhampton, Ph : 01902 459413

**ਵਧੇਰੇ ਜਾਣਕਾਰੀ ਲਈ :**

ਭਾਈ ਅਮਰੀਕ ਸਿੰਘ ਗਿੱਲ ਚੇਅਰਮੈਨ 07860633488
ਭਾਈ ਕੁਲਦੀਪ ਸਿੰਘ ਸੀਨੀਅਰ ਵਾਈਸ ਚੇਅਰਮੈਨ 07938633554
ਭਾਈ ਨਰਿੰਦਰਜੀਤ ਸਿੰਘ ਥਾਂਦੀ ਜਨਰਲ ਸੈਕਟਰੀ 01474 536393
ਭਾਈ ਦਬਿੰਦਰਜੀਤ ਸਿੰਘ ਮੁੱਖ ਸਲਾਹਕਾਰ 07485039944
ਹਰਦੀਸ਼ ਸਿੰਘ ਮੁੱਖ ਪ੍ਰਬੰਧਕ 07886781724



ਸ਼ਹੀਦ ਭਾਈ ਅਮਰੀਕ ਸਿੰਘ

**ਜਾਰੀ ਕਰਤਾ : ਸਿੱਖ ਫੈਡਰੇਸ਼ਨ ਯੂ.ਕੇ.**

www.sikhfeduk.com
Email : info@sikhfeduk.com
Facebook/Sikh Federation UK
twitter@sikhfeduk



## ਸਿੱਖ ਕੌਮ ਦੇ ਹਿਰਾਵਲ ਦਸਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ਼ਹੀਦ ਭਾਈ ਸਤਪਾਲ ਸਿੰਘ ਢਿੱਲੋਂ ਦੇ ਸ਼ਹਾਦਤ ਦਿਹਾੜੇ ਨੂੰ ਸਮਰਪਿਤ ਪਿੰਡ ਡੱਲੇਵਾਲ ਵਿਖੇ

## 14 ਸਤੰਬਰ ਦਿਨ ਸ਼ਨੀਵਾਰ ਨੂੰ

# ਮਹਾਨ ਸ਼ਹੀਦੀ ਸਮਾਗਮ

ਸਿੱਖ ਕੌਮ ਦੇ ਹਿਰਾਵਲ ਦਸਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ਼ਹੀਦ ਭਾਈ ਸਤਪਾਲ ਸਿੰਘ ਢਿੱਲੋਂ ਡਬਲ ਐਮ ਏ ਨੂੰ ਭਾਰਤੀ ਹਕੂਮਤ ਦੀਆਂ ਜਾਲਮ ਫੋਰਸਾਂ ਨੇ ਬਲੈਕ ਕੈਂਟਾਂ ਦੇ ਸਹਾਰੇ ਨਿਹੱਥੇ ਸੂਰਬੀਰ ਯੋਧੇ ਨੂੰ 14 ਸਤੰਬਰ 1990 ਵਿੱਚ ਜਲੰਧਰ ਦੇ ਨਕੋਦਰ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਸੀ ਮਹਾਨ ਸ਼ਹੀਦ ਦੇ **34** ਵੇ ਸ਼ਹਾਦਤ ਦਿਹਾੜੇ ਦੀ ਯਾਦ ਵਿੱਚ 14 ਸਤੰਬਰ ਦਿਨ **ਸ਼ਨੀਵਾਰ** ਨੂੰ ਪਿੰਡ ਡੱਲੇਵਾਲ (ਨਜ਼ਦੀਕ ਗੁਰਾਇਆ) ਵਿਖੇ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ । ਸਿੱਖ ਕੌਮ ਦੇ ਸਵੈਮਾਣ ਨਾਲ ਜੀਉਣ ਦੇ ਹੱਕਾਂ ਵਾਸਤੇ ਸਮੂਹ ਸੰਘਰਸ਼ਸ਼ੀਲ ਪੰਥਕ ਜਥੇਬੰਦੀਆਂ, ਸਿੱਖ ਸੰਸਥਾਵਾਂ, ਮਨੁੱਖੀ ਅਧਿਕਾਰਾਂ ਵਾਸਤੇ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਤੇ ਸਿੱਖ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਤੇ ਸਵੈਮਾਣ ਨਾਲ ਜੀਉਣ ਵਾਸਤੇ ਦੇਸ਼ ਪੰਜਾਬ ਨੂੰ ਭਾਰਤ ਦੀ ਗੁਲਾਮੀ ਤੋਂ ਅਜ਼ਾਦ ਕਰਾਉਣ ਲਈ ਚੱਲ ਰਹੇ ਸੰਘਰਸ਼ ਵਿੱਚ ਆਪਾ ਵਾਰ ਗਏ ਮਹਾਨ ਸ਼ਹੀਦ ਭਾਈ ਸਤਪਾਲ ਸਿੰਘ ਢਿੱਲੋਂ ਸਮੇਤ ਸਮੂਹ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਵੱਧ ਤੋਂ ਵੱਧ ਸ਼ਹੀਦੀ ਸਮਾਗਮ ਵਿੱਚ ਸ਼ਾਮਲ ਹੋਣ ਜੀ ।


ਬੇਨਤੀ ਕਰਤਾ

**ਸ੍ਰ. ਨਿਰਮਲ ਸਿੰਘ ਢਿੱਲੋ ਪਰਿਵਾਰ ਪਿੰਡ ਡੱਲੇਵਾਲ ਤੇ ਸਮੂਹ ਇਲਾਕਾ ਨਿਵਾਸੀ**

# ੴ ਸਤਿਗੁਰ ਪ੍ਰਸਾਦਿ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

## ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਭਰਾ

**ਸ: ਦਰਸ਼ਨ ਸਿੰਘ ਚੀਮਾਂ**

ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ ਮਿਤੀ: 06-09-2024 ਦਿਨ ਸੁਕਰਵਾਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

**ਸ਼੍ਰੀ ਸਹਿਜ ਪਾਠ ਦੇ ਭੋਗ**

ਮਿਤੀ 15-09-2024 ਦਿਨ ਐਤਵਾਰ

**ਗੁਰਦੁਆਰਾ ਗੁਰੂਸਰ ਚਕਰ ਪਾਤਿਸਾਹੀ ਛੇਵੀ ਤੇ ਦਸਵੀ**

ਸਮਾਂ 12:00 ਤੋਂ 1:00 ਵਜੇ ਤੱਕ ਪਵੇਗਾ।

ਸੋ ਆਪ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

**ਦੁਖੀ ਹਿਰਦੇ**

**ਸਮੂਹ ਚੀਮਾਂ ਪਰਿਵਾਰ**

M-95926-01621
70877-73314

ਆਵਾਜ਼ਿ ਕੌਮ
AWAZE QAUM
International Newspaper & WEB TV





# .ਗਦਰੀ ਬਾਬਾ ਬਲਵੰਤ ਸਿੰਘ ਕੈਨੇਡੀਅਨ

## 14 ਸਤੰਬਰ ਨੂੰ ਜਨਮ ਦਿਨ ’ਤੇ ਵਿਸ਼ੇਸ਼

ਦੂਜੇ ਲਾਹੌਰ ਸਾਜਿਸ ਕੇਸ ਵਿੱਚ ਲਾਹੌਰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਗਦਰੀ ਬਾਬਾ ਬਲਵੰਤ ਸਿੰਘ ਕੈਨੇਡੀਅਨ ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ। ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਉਘੇ ਪਿੰਡ ਖੁਰਦਪੁਰ (ਨੇੜੇ ਆਦਮਪੁਰ) ਵਿਖੇ ਸ. ਬੁੱਧ ਸਿੰਘ ਦੇ ਗ੍ਰਹਿ ਵਿਖੇ 14 ਸਤੰਬਰ, 1882 ਈ: ਨੂੰ ਹੋਇਆ। ਭਾਈ ਬਲਵੰਤ ਸਿੰਘ ਨੇ ਆਦਮਪੁਰ ਦੇ ਮਿਡਲ ਸਕੂਲ ਤੋਂ ਪੜ੍ਹਾਈ ਸ਼ੁਰੂ ਕੀਤੀ। ਪਰ ਉਸ ਸਮੇਂ ਬਾਲ ਵਿਆਹ ਦੀ ਰਸਮ ਪ੍ਰਚੱਲਤ ਸੀ, ਵਿਆਹ ਤੋਂ ਉਪਰੰਤ ਪੜ੍ਹਾਈ ਵਿਚ-ਵਿਚਾਲੇ ਹੀ ਛੱਡ ਦਿੱਤੀ। ਭਰ ਜਵਾਨੀ ਵਿੱਚ ਪੈਰ ਧਰਦਿਆਂ ਫੌਜ ਵਿੱਚ ਭਰਤੀ ਹੋ ਗਿਆ। ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਗਰਦਾਨ (ਪਾਕਿਸਤਾਨ) ਵਿੱਚ ਸੀ ਤਾਂ ਇਨ੍ਹਾਂ ਦੀ ਸ਼ਖਸੀਅਤ ਉਤੇ ਪੰਜਾਬ ਦੀ ਪ੍ਰਸਿੱਧ




-ਭਗਵਾਨ ਸਿੰਘ ਜੌਹਲ
Email:bhagwansinghjohal@gmail.com


ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ, ਜਿਸ ਸਦਕਾ ਆਪ ਜੀ ਦਾ ਨਿਸ਼ਚਾ ਤੇ ਵਿਸ਼ਵਾਸ ਸਿੱਖ ਧਰਮ ਵਿੱਚ ਪਰਪੱਕ ਹੋ ਗਿਆ। 23 ਸਾਲ ਦੀ ਉਮਰ ਵਿੱਚ ਫੌਜ ਦੀ ਨੌਕਰੀ ਛੱਡ ਕੇ ਛੇਤੀ ਹੀ 1906 ਈ: ਵਿੱਚ ਕੈਨੇਡਾ ਚਲਾ ਗਿਆ। ਉਥੇ ਜਾ ਕੇ ਵੈਨਕੂਵਰ ਵਿਚ ਪਹਿਲਾ ਗੁਰੂ ਘਰ ਬਨਾਉਣ ਵਿੱਚ ਭਰਪੂਰ ਯੋਗਦਾਨ ਪਾਇਆ। ਸਿੱਖ ਸੰਗਤ ਨੇ ਇਨ੍ਹਾਂ ਨੂੰ ਸਿੱਖੀ ਵਿੱਚ ਪਰਪੱਕ ਵੇਖਦਿਆਂ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਨਿਯੁਕਤ ਕਰ ਦਿੱਤਾ। ਇਸੇ ਕਰਕੇ ਭਾਈ ਸ਼ਬਦ ਆਪ ਜੀ ਦੇ ਨਾਂਅ ਨਾਲ ਪੱਕੇ ਤੌਰ ’ਤੇ ਜੁੜ ਗਿਆ। ਕੈਨੇਡਾ ਸਰਕਾਰ ਨੇ 1908 ਈ: ਵਿਚ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਵਿੱਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੋਂਡਰਸ ਕਾਲੋਨੀ ਵਿਚ ਅਬਾਦ ਕੀਤਾ ਜਾਵੇ। ਪਰ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਇਸ ਸਰਕਾਰੀ ਨੀਤੀ ਦੀ ਵਿਰੋਧਤਾ ਕੀਤੀ। 1909 ਈ: ਵਿੱਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ। ਇਸ ਸੰਸਥਾ ਦੇ ਖਜ਼ਾਨਚੀ ਭਾਈ ਬਲਵੰਤ ਨਿਯੁਕਤ ਕੀਤਾ ਗਿਆ।

ਇਸ ਐਸੋਸੀਏਸ਼ਨ ਦੇ ਸਾਰੇ ਹਿੰਦੁਸਤਾਨੀ ਪ੍ਰਵਾਸੀ ਮੈਂਬਰਾਂ ਨੇ ਕੈਨੇਡਾ ਸਰਕਾਰ ਵਲੋਂ ਭਾਰਤੀਆਂ ਦੇ ਪਰਿਵਾਰਾਂ ਨੂੰ ਕੈਨੇਡਾ ਨਾ ਆਉਣ ਦੇਣ ਦੇ ਯਤਨਾਂ ਵਿਰੁੱਧ ਅਵਾਜ਼ ਉਠਾਈ। 1911 ਈ: ਵਿਚ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਵਾਪਸ ਹਿੰਦੁਸਤਾਨ ਆ ਕੇ ਅਨੇਕਾਂ ਔਕੜਾ ਅਤੇ ਕਠਿਨਾਈਆਂ ਦੇ ਬਾਵਜੂਦ ਆਪਣੇ ਪਰਿ- ਵਾਰ ਸਮੇਤ ਜਨਵਰੀ, 1912 ਈ: ਵਿਚ ਵੈਨਕੂਵਰ ਪਹੁੰਚੇ। 22 ਫਰਵਰੀ, 1913 ਈ ਨੂੰ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿਚ ਇਹ ਫੈਸਲਾ ਸਰਬਸੰਮਤੀ ਨਾਲ ਕੀਤਾ ਗਿਆ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੋਨਾ ਦੇਸਾ ਵਿੱਚ ਜਾ ਕੇ ਬ੍ਰਿਟਿਸ ਸਰਕਾਰ ਨੂੰ ਆਪਣੀਆਂ ਮੁਸ਼ਿਕਲਾਂ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ। ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ ਆਧਾਰਿਤ ਇਕ ਪ੍ਰਤੀਨਿੱਧੀ ਮੰਡਲ ਦੋਨਾਂ ਦੇਸਾਂ ਵਿੱਚ ਭੇਜਣ ਲਈ ਸਮਾਂ ਨਿਸਚਿਤ ਕੀਤਾ ਗਿਆ। ਪਰ ਦੋਵਾਂ ਦੇਸ਼ਾਂ ਵਿਚ ਅੰਗ੍ਰੇਜ਼ ਸਰਕਾਰ ਨੇ ਕੋਈ ਸਹਿਯੋਗ ਨਾ ਦਿੱਤਾ।


ਆਵਾਜ਼ਿ ਕੌਮ AWAZE QAUM
International Newspaper & WEB TV


ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ?? ਮਿਲਾਪ ਕਾਮਾਗਾਟਾਮਾਰੂ ਜਹਾਜ਼ ਵਾਲੇ ਬਾਬਾ ਗੁਰਦਿੱਤ ਸਿੰਘ ਨਾਲ ਹੋਇਆ। ਬਾਬਾ ਗੁਰਦਿੱਤ ਸਿੰਘ ਨੂੰ ਹਰ ਔਕੜ ਸਮੇਂ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਕੈਨੇਡਾ ਵਿਚ ਦਾਖਲ ਨਾ ਹੋਣ ਦੇਣ ਦੇ ਵਿਰੋਧ ਵਿੱਚ ਸਾਰੇ ਪ੍ਰਵਾਸੀ ਹਿੰਦੁਸਤਾਨੀਆਂ ਵਿਚ ਅੰਤ ਦਾ ਗੁੱਸਾ ਸੀ। ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਗਦਰ ਪਾਰਟੀ ਨਾਲ ਬਣਾਇਆ। ਪਰ ਅੰਗ੍ਰੇਜ ਸਰਕਾਰ ਵਤੀਰਾ ਹੋਰ ਵੀ ਸਖਤ ਹੋ ਗਿਆ। ਸਰਕਾਰ ਦੇ ਇੰਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ, 1914 ਈ: ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ਵਿੱਚ ਦੋ ਬੰਦੇ ਗੋਲੀਆ ਮਾਰ ਕੇ ਮਾਰ ਦਿੱਤੇ। ਇਨ੍ਹਾਂ ਸਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਈ: ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ਵਿੱਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ। ਇਸ ਕਤਲ ਦੀ ਸਾਜਿਸ਼ ਅਤੇ ਸਕ ਵਿਚ ਭਾਈ ਬਲਵੰਤ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਇਸ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਕੈਨੇਡਾ ਵਿਚੋ ਕੱਢ ਦਿੱਤਾ ਗਿਆ। ਇਥੋਂ ਆਪ ਸਿੰਘਾਈ ਪੁੱਜੇ ਅਤੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੀਆ ਔਕੜਾ ਨੂੰ ਦੇਖਦਿਆਂ ਗਦਰ ਲਹਿਰ ਦੇ ਹੱਕ ਵਿੱਚ ਪ੍ਰਚਾਰ ਸ਼ੁਰੂ ਕਰ ਦਿੱਤਾ। ਭਾਈ ਬਲਵੰਤ ਸਿੰਘ 1915 ਈ: ਵਿਚ ਥਾਈਲੈਂਡ ਗਏ ਅਤੇ ਅਮਰੀਕਾ ਤੋਂ ਆ ਕੇ ਸਾਰੇ ਗਦਰੀ ਦੇ ਵਿਰੋਧ ਵਿੱਚ ਬਗਾਵਤ ਖੜ੍ਹੀ ਕਰਨਾ ਚਾਹੁੰਦੇ ਸਨ। ਭਾਈ ਬਲਵੰਤ ਸਿੰਘ ਇਥੇ ਆ ਕੇ ਸਖਤ ਬਿਮਾਰ ਹੋ ਗਏ, ਜਦੋ ਹਸਪਤਾਲ ਪੁੱਜੇ ਤਾਂ ਇਥੋਂ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿਚ ਗ੍ਰਿਫਤਾਰ ਕਰਕੇ ਹਿੰਦੁਸਤਾਨ ਲਿਆਂਦਾ ਗਿਆ। ਇਥੇ ਆਕੇ ਭਾਈ ਬਲਵੰਤ ਸਿੰਘ ਵਰਗੇ ਅਣਖੀ ਯੋਧੇ ਨੂੰ ਲਾਹੌਰ ਸਾਜਿਸ ਕੇਸ ਅਧੀਨ ਮੁਕਦਮਾ ਚਲਾਇਆ ਗਿਆ। ਅੰਤ 30 ਮਾਰਚ, 1917 ਈ: ਵਿੱਚ ਸੂਰਬੀਰ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਫੰਦੇ ’ਤੇ ਲਟਕਾਇਆ ਗਿਆ। ਇਸ ਤਰ੍ਹਾਂ ਇਹ ਬਹਾਦਰ ਸੂਰਬੀਰ 35 ਕੁ ਸਾਲ ਦੀ ਜਵਾਨੀ ਦੀ ਉਮਰ ਵਿੱਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦੇ ਤੱਕ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ। ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ। ••



.ਗਦਰੀ ਬਾਬਾ ਬਲਵੰਤ ਸਿੰਘ ਕੈਨੇਡੀਅਨ

ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਿਖੇ

# ਵਾਪਰੀ ਘਟਨਾ ਦੀ ਨਿਰਪੱਖ ਜਾਂਚ ਹੋਵੇ : ਭਾਰਤੀ ਕਿਸਾਨ ਯੂਨੀਅਨ ਖੋਸਾ



ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ) :— ਪਿਛਲੇ ਦਿਨੀਂ 2 ਅਗਸਤ ਨੂੰ ਗੁਰਦੁਆਰਾ ਜਾਮਨੀ ਸਾਹਿਬ ਵਜੀਦਪੁਰ ਵਿਖੇ ਗੈਸ ਹਾਦਸੇ ਵਿੱਚ ਦੋ ਮੁਲਾਜ਼ਮ ਅਤੇ 5 ਸਕੂਲੀ ਬੱਚੇ ਝੁਲਸ ਗਏ ਸਨ, ਜਿਸ ਵਿਚ ਇਕ ਮੁਲਾਜ਼ਮ ਤਲਵਿੰਦਰ ਸਿੰਘ ਅਤੇ ਇਕ ਬੱਚੇ ਰਾਜਪਾਲ ਸਿੰਘ ਦੀ ਮੌਤ ਹੋ ਗਈ ਸੀ, ਅਤੇ ਚਾਰ ਬੱਚੇ ਅਜੇ ਵੀ ਹਸਪਤਾਲ ਵਿੱਚ ਜੇਰੇ ਇਲਾਜ ਹਨ, ਜਿਨ੍ਹਾਂ ਦੀ ਸਥਿਤੀ ਗੰਭੀਰ ਬਣੀ ਹੋਈ ਹੈ ਜਿਸ ਕਾਰਨ ਇਲਾਕੇ ਦੀ ਸਮੁੱਚੀ ਸੰਗਤ ਵਿਚ ਭਾਰੀ ਰੋਸ ਹੈ। ਇਸ ਹੋਈ ਘਟਨਾ ਸਬੰਧੀ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਖੋਸਾ ਰਜਿ ਦੇ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਨੇ ਕਿਹਾ ਕਿ ਇਸ ਘਟਨਾ ਸਬੰਧੀ ਇਲਾਕੇ ਦੀ ਸੰਗਤ ਵਲੋਂ ਸ਼ੰਕਾ ਜ਼ਾਹਿਰ ਕੀਤੀ ਜਾ ਰਹੀ ਹੈ। ਗੰਭੀਰ ਦੋਸ਼ ਲਾਉਂਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜੋ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਮੈਨੇਜਰ ਵੱਲੋਂ ਸੰਗਤ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਏਥੇ ਸਿਲੰਡਰ ਫਟਨ ਦੀ ਘਟਨਾ ਹੋਈ ਹੈ ਪਰ ਪ੍ਰਤੱਖ ਦਰਸ਼ੀਆਂ ਅਨੁਸਾਰ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸਕੂਲੀ ਬੱਚਿਆਂ ਤੋਂ ਸਿਲੰਡਰਾਂ ਵਿੱਚ ਗੈਸ ਦੀ ਅਦਲਾ—ਬਦਲੀ ਕਰਵਾਈ ਜਾ ਰਹੀ ਸੀ ਜਿਸ ਕਾਰਨ ਇਹ ਹਾਦਸਾ ਵਾਪਰਿਆ ਹੈ।ਅੱਗੇ ਗੱਲ ਕਰਦਿਆਂ ਪ੍ਰਧਾਨ ਖੋਸਾ ਨੇ ਕਿਹਾ ਕਿ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਆਪਣੀ ਨਲਾਇਕੀ ਨੂੰ ਛਪਾਉਣ ਲਈ ਝੂਠ ਦਾ ਸਹਾਰਾ ਲਿਆ ਜਾ ਰਿਹਾ ਹੈ ਇਸ ਲਈ ਜਥੇਬੰਦੀ ਮੰਗ ਕਰਦੀ ਹੈ ਕਿ ਉਕਤ ਸਾਰੇ ਮਸਲੇ ਦੀ ਜਾਂਚ ਸੀ.ਬੀ.ਆਈ ਤੋਂ ਕਰਵਾਈ ਜਾਵੇ ਅਤੇ ਕੁਝ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸਿਆਸੀ ਲੀਡਰਾਂ ਵੱਲੋਂ ਇਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂ ਰਹੀ ਹੈ। ਉਨ੍ਹਾਂ ਕਿਹਾ ਕਿ ਉਕਤ ਮਾਮਲੇ ਦੀ ਨਿਰਪੱਖ ਜਾਂਚ ਨਾ ਹੋਈ ਤਾਂ ਖੋਸਾ ਜਥੇਬੰਦੀ ਵੱਡਾ ਸਘੰਰਸ਼ ਕਰੇਗੀ। ਇਸ ਮੌਕੇ ਬੀਬੀ ਰਮਨਦੀਪ ਕੌਰ ਮਰਖਾਈ ਇਸਤਰੀ ਵਿੰਗ ਸੂਬਾ ਪ੍ਰਧਾਨ, ਫਤਿਹ ਸਿੰਘ ਕੋਟ ਕਰੋੜ ਸੀਨੀਅਰ ਮੀਤ ਪ੍ਰਧਾਨ ਪੰਜਾਬ, ਮੰਗਲ ਸਿੰਘ ਸੰਧੂ ਸਾਹਵਾਲਾ ਪ੍ਰੈਸ ਸਕੱਤਰ ਪੰਜਾਬ, ਜਸਵੀਰ ਸਿੰਘ ਝਾਮਕਾ ਮੀਤ ਪ੍ਰਧਾਨ ਪੰਜਾਬ, ਮਨਜੀਤ ਸਿੰਘ ਔਲਖ ਸੂਬਾ ਮੀਤ ਪ੍ਰਧਾਨ ਪੰਜਾਬ, ਜਸਬੀਰ ਸਿੰਘ ਢੋਲੇਵਾਲਾ ਮੀਤ ਪ੍ਰਧਾਨ ਪੰਜਾਬ, ਦਲੀਪ ਸਿੰਘ ਐਸ.ਡੀ.ਉ ਜਰਨਲ ਸਕੱਤਰ, ਪਰਮਜੀਤ ਸਿੰਘ ਭੁੱਲਰ ਜ਼ਿਲਾ ਪ੍ਰਧਾਨ ਫਿਰੋਜ਼ਪੁਰ, ਸੁਖਵੀਰ ਸਿੰਘ ਬਲਾਕ ਪ੍ਰਧਾਨ ਜੀਰਾ, ਰਿਜੇਸ ਵਿੱਜ ਐਮ.ਸੀ ਜ਼ੀਰਾ, ਬਿਕਰਮਜੀਤ ਸਿੰਘ ਬਲਾਕ ਪ੍ਰਧਾਨ ਘੱਲ ਖੁਰਦ, ਗੁਰਾ ਸਿੰਘ ਮੱਲੋ ਕੇ ਬਲਾਕ ਆਗੂ ਜੀਰਾ, ਨਿਰਵੈਰ ਸਿੰਘ ਮੱਲੋ ਕੇ ਜਿਲਾ ਆਗੂ, ਬਲਜਿੰਦਰ ਸਿੰਘ ਸੰਧੂ ਸਾਹ ਵਾਲਾ ਬਲਾਕ ਆਗੂ ਜੀਰਾ, ਕੋਰਾ ਸਿੰਘ ਸੰਧੂ ਆਦਿ ਆਗੂ ਹਾਜਰ ਸਨ।

ਪੰਜਾਬ ਨੂੰ ਖਾ ਗਈ ਟਰੈਵਲ ਏਜੰਟ ਨਾਮਕ ਸੁੰਡੀ

# ਸਰਕਾਰਾਂ ਨਹੀਂ ਕਰ ਰਹੀਆਂ ਕੋਈ ਠੋਸ ਕਾਰਵਾਈ : ਸੁਖਜਿੰਦਰ ਸਿੰਘ ਖੋਸਾ



**ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ):—** ਖਾ ਗਏ ਟਰੈਵਲ ਏਜੰਟ ਪੰਜਾਬ ਦੇ ਲੋਕਾਂ ਨੂੰ ਬੇ—ਖੌਫ ਹੋ ਕੇ ਲੁੱਟ ਰਹੇ ਹਨ ਲੋਕਾਂ ਨੂੰ ਕੋਈ ਡਰ ਨਹੀਂ ਸਰਕਾਰਾਂ ਦਾ। ਇਹ ਦੋਸ਼ ਸੁਖਜਿੰਦਰ ਸਿੰਘ ਖੋਸਾ ਕੌਮੀ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਖੋਸਾ ਜ਼ੋ ਪਿਛਲੇ ਲੰਮੇ ਸਮੇਂ ਤੋਂ ਕਿਸਾਨਾਂ—ਮਜਦੂਰਾਂ ਦੇ ਤੇ ਆਮ ਲੋਕਾਂ ਦੇ ਹੱਕਾਂ ਲਈ ਲੜ ਰਹੇ ਹਨ ਨੇ ਲਾਏ। ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਕਈ ਟਰੈਵਲ ਏਜੰਟ ਤੋਂ ਠੱਗੀ ਦੇ ਸ਼ਿਕਾਰ ਹੋਏ ਭੋਲੇ—ਭਾਲੇ ਲੋਕਾਂ ਨੂੰ ਪੈਸੇ ਵਾਪਸ ਕਰਵਾਏ ਹਨ ਦਿਨ—ਬਾ—ਦਿਨ ਲੋਕਾਂ ਦੀਆਂ ਏਜੰਟਾਂ ਪ੍ਰਤੀ ਹੀ ਸ਼ਿਕਾਇਤ ਆਉਂਦੀਆਂ ਹਨ। ਗੱਲਬਾਤ ਕਰਦਿਆਂ ਸੁਖਜਿੰਦਰ ਸਿੰਘ ਖੋਸਾ ਨੇ ਕਿਹਾ ਕਿ ਕਿ ਛੇਤੀ ਹੀ ਇਨ੍ਹਾਂ ਏਜੰਟਾ ਦੇ ਖਿਲਾਫ ਸਰਕਾਰਾਂ ਨੂੰ ਪੱਤਰ ਲਿਖ ਕੇ ਜਾਅਲੀ ਦੁਕਾਨਾਂ ਬੰਦ ਕਰਵਾਈਆਂ ਜਾਣਗੀਆ ਇਸੇ ਕੜੀ ਤਹਿਤ ਜਸਬੀਰ ਸਿੰਘ ਝਾਮਕਾ ਸੂਬਾ ਮੀਤ ਪ੍ਰਧਾਨ ਪੰਜਾਬ, ਮੰਗਲ ਸਿੰਘ ਪ੍ਰੈਸ ਸਕੱਤਰ ਪੰਜਾਬ, ਸੁਰਜੀਤ ਸਿੰਘ ਸੱਗੂ ਖਜਾਨਚੀ, ਮਨਜੀਤ ਸਿੰਘ ਔਲਖ ਸੂਬਾ ਮੀਤ ਪ੍ਰਧਾਨ ਪੰਜਾਬ ਕੋਲ ਆਪਣੀ ਫ਼ਰਿਆਦ ਲੈ ਕੇ ਪਹੁੰਚੇ ਗੁਰਭੇਜ ਸਿੰਘ ਪੁੱਤਰ ਰਣਜੀਤ ਸਿੰਘ ਪਿੰਡ ਮੰਡਾਰ ਸ਼ੇਰਾਂ ਨੂੰ ਬਾਹਰ ਭੇਜਣ ਲਈ ਮੁਖਤਿਆਰ ਸਿੰਘ ਪੁੱਤਰ ਖਜ਼ਾਨ ਸਿੰਘ ਪਿੰਡ ਮੁੰਡੀ ਚੋਲੀਆਂ ਨੇ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਕਰੀਬ 35 ਲੱਖ ਦੀ ਮਾਰੀ ਠੱਗੀ ਪ੍ਰੈਸ ਨਾਲ ਗੱਲਬਾਤ ਕਰਦਿਆਂ ਜਸਬੀਰ ਸਿੰਘ ਝਾਮਕਾ ਤੇ ਮਨਜੀਤ ਸਿੰਘ ਔਲਖ ਸੂਬਾ ਮੀਤ ਪ੍ਰਧਾਨ ਨੇ ਆਖਿਆ ਕਿ ਪੰਜਾਬ ਨੂੰ ਮਾੜੇ ਟਰੈਵਲ ਏਜੰਟ ਨਾਮ ਦੀ ਸੁੰਡੀ ਖਾ ਗਈ, ਜਿਸ ਦੀਆਂ ਸਰਕਾਰਾਂ ਜਿੰਮੇਵਾਰ ਹਨ। ਉਕਤ ਆਗੂਆਂ ਨੇ ਕਿਹਾ ਕਿ ਇਹ ਏਜੰਟ ਸ਼ਰੇਆਮ ਵੱਡੀਆਂ—ਵੱਡੀਆਂ ਦੁਕਾਨਾਂ ਖੋਲ੍ਹ ਕੇ ਲੁੱਟ ਰਹੇ ਹਨ ਪੰਜਾਬ ਗੁਰੂਆਂ ਦੀਆਂ ਧਰਤੀ ਅਖਵਾਉਣ ਵਾਲੀ ਨਸ਼ਿਆਂ ਦਾ ਦਰਿਆ ਰੋੜ ਕੇ ਲਈ ਜਾ ਰਿਹਾ ਜੇ ਕੁਝ ਬਚਣ ਦੀ ਆਸ ਸੀ ਤਾਂ ਉਹ ਸਾਡੇ ਕੋਲੋਂ ਵਿਦੇਸ਼ੀ ਤਾਕਤਾਂ ਨੌਜਵਾਨ ਪੀੜ੍ਹੀ ਨੂੰ ਖੋ ਕੇ ਲਈ ਜਾ ਰਹੀਆਂ ਹਨ, ਕਿਉਂਕਿ ਪੰਜਾਬ ਨੂੰ ਪਿਛਲੇ ਲਗਭਗ 70 ਸਾਲਾਂ ਤੋਂ ਖਾ ਗਏ ਮਾੜੇ ਲੀਡਰ ਇੱਥੇ ਰੁਜ਼ਗਾਰ ਦੀ ਬਹੁਤ ਕਮੀ ਇਸੇ ਦੌਰ ਵਿੱਚ ਨੌਜਵਾਨ ਪੀੜ੍ਹੀ ਨੂੰ ਬਹੁਤ ਵੱਡੇ ਪੱਧਰ ਤੇ ਲੁੱਟਣ ਲਈ ਟਰੈਵਲ ਏਜੰਟ ਆਪਣੀਆ ਦੁਕਾਨਾਂ ਖੋਲ੍ਹ ਕੇ ਬੈਠੇ ਹਨ ਜੋਂ ਕਿ ਬੱਚਿਆਂ ਨੂੰ ਬਹੁਤ ਵੱਡੇ—ਵੱਡੇ ਸੁਪਨੇ ਦਿਖਾ ਕੇ ਲੱਖਾਂ ਰੁਪਏ ਠੱਗ ਲੈਂਦੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਮਾਪੇ ਆਪਣੇ ਬੱਚਿਆਂ ਅੱਗੇ ਲਾਚਾਰ ਹੋ ਕੇ ਕੋਈ ਜ਼ਮੀਨਾਂ ਵੇਚ ਕੇ ਪੈਸੇ ਭਰਦੇ ਕੋਈ ਕਰਜ਼ਾ ਚੁੱਕ ਕੇ ਪੈਸੇ ਭਰਦੇ ਪਰ ਏਜੰਟ ਇਨ੍ਹਾਂ ਨਾਲ ਠੱਗੀ ਮਾਰਨ ਲੱਗਿਆਂ ਭੋਰਾ ਨਹੀਂ ਡਰਦੇ ਅਤੇ ਠੱਗੇ ਹੋਏ ਮਾਪੇ ਪੁਲਿਸ ਥਾਣਿਆਂ ਦਾਂ ਰੁੱਖ ਕਰਦੇ ਪਰ ਏਜੰਟ ਦੇ ਹੱਥ ਉਤੋਂ ਤੱਕ ਰਲੇ ਹੁੰਦੇ ਹਨ, ਫਿਰ ਲੁੱਟ ਦਾ ਸ਼ਿਕਾਰ ਹੋਏ ਭੋਲੇ ਭਾਲੇ ਲੋਕ ਬਹੁਤ ਤਾਂ ਆਪੋ—ਆਪਣੇ ਘਰ ਬੈਠ ਜਾਂਦੇ ਹਨ ਏਜੰਟਾਂ ਨੂੰ ਠੱਗੀ ਦੇ ਲੱਖਾਂ ਰੁਪਏ ਬਚ ਜਾਂਦੇ ਹਨ। ਇਸ ਮੌਕੇ ਸੁਖਚੈਨ ਸਿੰਘ ਖਾਲਸਾ ਸੀਨੀਅਰ ਆਗੂ ਹਾਜਰ ਸਨ।

# ਮਾਨਵਤਾ ਪਬਲਿਕ ਸਕੂਲ ਵਿਚ ਲਾਇਆ ਮੁਫਤ ਡੈਂਟਲ ਚੈਕਅਪ ਕੈਂਪ



ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ):— ਸਕੂਲੀ ਬੱਚਿਆਂ ਨੂੰ ਸਿੱਖਿਆ ਦਾ ਗਿਆਨ ਵੰਡ ਰਹੇ ਮਾਨਵਤਾ ਪਬਲਿਕ ਸਕੂਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਬੱਚਿਆਂ ਦੀ ਤੰਦਰੁਸਤੀ ਨੂੰ ਦੇਖਦਿਆਂ ਲਾਇਆ ਦੰਦਾਂ ਦਾ ਚੈਕਅਪ ਕੈਂਪ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਦੰਦਾਂ ਦੇ ਚੈਕਅਪ ਕੈਂਪ ਦੌਰਾਨ ਸਿਖਲਾਈ ਪ੍ਰਾਪਤ ਡਾਕਟਰਾਂ ਨੇ ਸਕੂਲ ਦੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ। ਜਾਣਕਾਰੀ ਸਾਂਝੀ ਕਰਦਿਆਂ ਸਕੂਲ ਦੀ ਪ੍ਰਿੰਸੀਪਲ ਸਪਨਾ ਧਵਨ ਨੇ ਦੱਸਿਆ ਕਿ ਸਕੂਲ ਵਿੱਚ ਦੰਦਾਂ ਦਾ ਮੁਫਤ ਚੈਕਅੱਪ ਕੈਂਪ ਲਾਉਣ ਦਾ ਮਨੋਰਥ ਬੱਚਿਆਂ ਨੂੰ ਦੰਦਾਂ ਪ੍ਰਤੀ ਜਾਗਰੂਕ ਕਰਨਾ ਹੈ ਅਤੇ ਇਸ ਵਿੱਚ ਜੈਨੇਸਿਸ ਡੈਂਟਲ ਕਾਲਜ ਤੋਂ ਡਾ: ਸੁਕੀਰਤ ਕੌਰ, ਡਾ: ਮਨੀਸ਼ਾ ਅਤੇ ਡਾ: ਸਿਰਜਨ ਨੇ ਸਕੂਲ ਦੀਆਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ। ਇਸ ਮੌਕੇ ਪੀ.ਆਰ.ਓ ਰਣਜੀਤ ਸਿੰਘ, ਮਨਜੀਤ ਸਿੰਘ ਆਦਿ ਸਕੂਲ ਸਟਾਫ਼ ਹਾਜ਼ਰ ਸੀ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਾ ਕਰਾਉਣਾ ਜਮਹੂਰੀਅਤ ਦਾ ਕਤਲ—ਭੁੱਲਰ



ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ) :— ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲਾ ਫਿਰੋਜ਼ਪੁਰ ਦੇ ਪ੍ਰਧਾਨ ਗੁਰਚਰਨ ਸਿੰਘ ਭੁੱਲਰ ਨੇ ਗੱਲਬਾਤ ਕਰਦਿਆਂ ਕਿਹਾ ਕਿ 15 ਸਤੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਸਾਰਾਗੜੀ ਅੰਮ੍ਰਿਤਸਰ ਵਿਖੇ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋ ਜਮਹੂਰੀਅਤ ਦਿਹਾੜਾ ਮਨਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋ ਜਮਹੂਰੀਅਤ ਦਿਹਾੜੇ ਤੇ ਦੂਸਰੇ ਦੇਸ਼ਾਂ ਨੂੰ ਇਹ ਦਿਖਾਇਆ ਜਾਂਦਾ ਹੈ ਕਿ ਸਾਡਾ ਦੇਸ਼ ਜਮਹੂਰੀਅਤ ਪਸੰਦ ਦੇਸ਼ ਹੈ ਪਰ ਭਾਰਤ ਵਿੱਚ ਜਮਹੂਰੀਅਤ ਦਾ ਕਤਲ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਸਿੱਖਾਂ ਦੀ ਮਿੰਨੀ ਪਾਰਲੀਮੈਂਟ 1925 ਵਿੱਚ ਹੋਂਦ ਵਿੱਚ ਆਈ ਸੀ ਅਤੇ ਭਾਰਤ ਦੀ ਪਾਰਲੀਮੈਂਟ 1952 ਵਿੱਚ ਹੋਂਦ ਵਿੱਚ ਆਈ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਪਾਰਲੀਮੈਂਟ ਦੀਆਂ ਚੋਣਾਂ ਅੱਜ ਤੱਕ 8 ਵਾਰੀ ਹੋਈਆਂ ਹਨ ਪਰ ਭਾਰਤ ਦੀ ਪਾਰਲੀਮੈਂਟ ਜੋ 27 ਸਾਲ ਬਾਅਦ ਹੋਂਦ ਵਿੱਚ ਆਈ ਸੀ ਦੀਆਂ ਚੋਣਾਂ 18 ਵਾਰੀ ਹੋ ਚੁੱਕੀਆਂ ਹਨ ਫਿਰ ਜਮਹੂਰੀਅਤ ਦਾ ਢਡੋਰਾ ਪਿੱਟਣ ਵਾਲੇ ਦੱਸਣ ਇਹ ਵਿਤਕਰਾ ਕਿਉ। ਗੱਲਬਾਤ ਕਰਦਿਆਂ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਕਿ ਸਿੱਖਾਂ ਦੇ ਬੱਚੇ 35 ਤੋਂ 40 ਸਾਲ ਤੋਂ ਸਜਾ ਪੂਰੀ ਕਰਨ ਦੇ ਬਾਵਜੂਦ ਵੀ ਜੇਹਲਾਂ ਵਿੱਚੋਂ ਬਾਹਰ ਨਹੀਂ ਕੱਢ ਰਹੇ ਕਿਉ, 1984 ਦਿੱਲੀ ਦੰਗਿਆਂ ਵਿੱਚ ਕੀਤੀ ਗਈ ਸਿੱਖਾਂ ਦੀ ਨਸਲਕੁਸ਼ੀ ਦਾ ਇਨਸਾਫ ਅੱਜ ਤੱਕ ਕਿਉ ਨਹੀਂ, ਗੁਰੂ ਗ੍ਰੰਥ ਸਹਿਬ ਜੀ ਦੀਆਂ ਹੋਈਆਂ ਬੇਅਦਬੀਆਂ ਕਰਾਉਣ ਵਾਲਿਆਂ ਨੂੰ ਹੁਣ ਤੱਕ ਸਜਾਵਾਂ ਕਿਉ ਨਹੀਂ, ਸਾਜਿਸ਼ਕਰਤਾ ਰਾਮਰਹੀਮ ਅਤੇ ਉਸ ਦੀ ਜੁਡਲੀ ਤੇ ਹੁਣ ਤੱਕ ਕਾਰਵਾਈ ਕਿਉ ਨਹੀਂ, ਕੋਟਕਪੂਰੇ ਬਹਿਬਲਾਂ ਕਲਾਂ ਵਿੱਚ ਗੋਲੀ ਦਾ ਹੁਕਮ ਦੇਣ ਵਾਲੇ ਬਾਦਲਾਂ ਤੇ ਉਨ੍ਹਾਂ ਦੇ ਚਹੇਤੇ ਅਫਸਰਾਂ ਨੂੰ ਹੁਣ ਤੱਕ ਸਜਾ ਕਿਉਂ ਨਹੀਂ, ਘੱਟ ਗਿਣਤੀਆਂ ਦੇ ਲੋਕਾਂ ਨੂੰ ਨਿੱਤ ਦਿਹਾੜੇ ਸ਼ਰੇਆਮ ਸੜਕਾਂ ਅਤੇ ਘਰਾਂ ਵਿੱਚ ਕਤਲ ਕੀਤਾ ਜਾ ਰਿਹਾ ਹੈ।ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਪਿਛਲੇ 13 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੇ ਇਲੈਕਸ਼ਨ ਨਾ ਕਰਾ ਕੇ ਮਸੰਦਾਂ ਦੇ ਕਬਜੇ ਕਰਵਾ ਕੇ ਗੋਲਕ ਦੀ ਲੁੱਟ ਕਰਾਉਣੀ ਕਿਸ ਦੀ ਸਾਜਿਸ਼ ਹੈ, ਜਮਹੂਰੀਅਤ ਦਾ ਢਿਡੋਰਾ ਪਿੱਟਣ ਵਾਲਿਆਂ ਨੇ ਜਮਹੂਰੀਅਤ ਦਾ ਕਤਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਭਾਰਤ ਵਿੱਚ ਕੋਈ ਵੀ ਇਨਸਾਨ ਆਪਣੇ—ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਸਮਝ ਰਿਹਾ, ਇਸ ਲਈ ਸਮੂਹ ਨਾਮ ਲੇਵਾ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਮਸੰਦਾਂ ਕੋਲੋ ਅਜਾਦ ਕਰਵਾਉਣ ਲਈ ਅਤੇ ਬੰਦੀ ਸਿੰਘਾਂ ਦੀ ਰਿਹਾਈ, ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਕਰਾਉਣ ਵਾਲਿਆਂ ਨੂੰ ਨੱਥ ਪਾਉਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਪਣਾ ਬਣਦਾ ਫਰਜ ਨਿਭਾਉ ਜੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੀ ਸੰਪੂਰਣਤਾ ਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਗੁਰਤਾ ਗੱਦੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜ਼ੋਤੀ ਜ਼ੋਤਿ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ



ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ) :— ਗੁਰਦੁਆਰਾ ਗੁਰੂ ਨਾਨਕ ਪੁਰੀ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਪਿੰਡ ਬੁੱਕਣ ਖਾਂ ਵਾਲਾ ਫ਼ਿਰੋਜ਼ਪੁਰ ਵਿਖੇ ਮਹਾਨ ਗੁਰਮਤਿ ਸਮਾਗਮ 27 ਸਤੰਬਰ 2024 (13 ਅੱਸੂ) ਦਿਨ ਸ਼ੁਕਰਵਾਰ ਨੂੰ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਗੁਰਦੁਆਰਾ ਗੁਰੂ ਨਾਨਕ ਪੁਰੀ ਗੁਰਮਤਿ ਵਿਦਿਆਲਾ ਪਿੰਡ ਬੁੱਕਣ ਖਾਂ ਵਾਲੇ ਦੇ ਮੁੱਖ ਸੇਵਾਦਾਰ ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਮਹਾਨ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਇਹ ਮਹਾਨ ਸਮਾਗਮ ਜ਼ੋ ਕਿ 27 ਸਤੰਬਰ 2024 ਨੂੰ ਹੋਣਗੇ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਸੰਤਾਂ ਮਹਾਂਪੁਰਸ਼ਾਂ ਤੋਂ ਇਲਾਕਾ ਰਾਗੀ, ਢਾਡੀ, ਕਥਾਵਾਚਕ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਤੇ ਗਿਆਨੀ ਸੁਖਦੇਵ ਸਿੰਘ ਜੀ ਡੱਲਾ (ਸੁਲਤਾਨਪੁਰ), ਸ੍ਰੀਮਾਨ ਸੰਤ ਬਾਬਾ ਅਵਤਾਰ ਸਿੰਘ ਜੀ ਸੁਰ ਸਿੰਘ ਵਾਲੇ ਦਲ ਪੰਥ ਬਾਬਾ ਬਿੱਧੀ ਚੰਦ ਛੀਨਾ ਗੁਰੂ ਕਾ ਸੀਨਾ, ਬਾਬਾ ਬਲਦੇਵ ਸਿੰਘ ਜ਼ੋਗੇਵਾਲੇ, ਬਾਬਾ ਸ਼ਿੰਦਰ ਸਿੰਘ ਫਤਿਹਗੜ੍ਹ ਸਭਰਾਵਾਂ, ਭਾਈ ਤਾਰੂ ਬਲਵੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ), ਰਾਗੀ ਜਤਿੰਦਰ ਸਿੰਘ ਗੁਰਦੁਆਰਾ ਜਾਮਨੀ ਸਾਹਿਬ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਸੰਤ ਮਹਾਂਪੁਰਸ਼ ਪਹੁੰਚ ਰਹੇ ਹਨ, ਜਿਨ੍ਹਾਂ ਵਿਚ ਸ੍ਰੀਮਾਨ ਸੰਤ ਬਾਬਾ ਹਰਭਜਨ ਸਿੰਘ ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ, ਬਾਬਾ ਸਤਨਾਮ ਸਿੰਘ ਹਜ਼ੂਰ ਸਾਹਿਬ ਵਾਲੇ, ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲੇ, ਬਾਬਾ ਅਵਤਾਰ ਸਿੰਘ ਸਾਂਧਾਵਾਲੇ, ਬਾਬਾ ਗੁਰਸੇਵਕਸਿੰਘ ਸ਼ੀਹਣੀ ਸਾਹਿਬ ਵਾਲੇ, ਬਾਬਾ ਗੁਰਨਾਮ ਸਿੰਘ ਡਰੋਲੀ ਭਾਈ, ਬਾਬਾ ਸੁਖਜੀਤ ਸਿੰਘ ਫ਼ਿਰੋਜ਼ਪੁਰ ਵਾਲੇ, ਗਿਆਨੀ ਗੁਰਸੇਵਕ ਸਿੰਘ ਉਸਤਾਦ, ਬਾਬਾ ਗੁਰਮੇਲ ਸਿੰਘ ਕਾਰ ਸੇਵਾ ਬਜੀਦਪੁਰ, ਬਾਬਾ ਸਤਨਾਮ ਸਿੰਘ ਵੱਲੀਆਂ ਵਾਲੇ, ਸ੍ਰੀਮਾਨ ਸੰਤ ਬਾਬਾ ਭਗਤ ਮਿਲਖਾ ਸਿੰਘ ਅਰਜਮਾਨਪੁਰਾ ਵਾਲੇ, ਬਾਬਾ ਪੂਰਨ ਸਿੰਘ ਝੋਕ ਹਰੀਹਰ, ਦਮਦਮੀ ਟਕਸਾਲ ਦੇ ਸਿੰਘ, ਕਲਗੀਧਰ ਸੰਚਾਰ ਜਥਾ, ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਬਾਬਾ ਕਰਨੈਲ ਸਿੰਘ ਹਜ਼ੂਰ ਸਾਹਿਬ ਮੋਗੇ ਵਾਲੇ, ਬਾਬਾ ਮਹਿੰਦਰ ਸਿੰਘ ਜਨੇਰ, ਬਾਬਾ ਦਿਲਬਾਗ ਸਿੰਘ ਆਰਿਫਕੇ, ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਗੁਰਦੁਆਰਾ ਨਾਨਕਸਰ ਛਾਂਗਾ ਖੁਰਦ, ਬਾਬਾ ਜ਼ੋਰਾ ਸਿੰਘ ਤਲਵੰਡੀ ਭਾਈ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਗਿਆਨੀ ਬਲਵਿੰਦਰ ਸਿੰਘ ਜਾਮਨੀ ਸਾਹਿਬ, ਭਾਈ ਗੁਰਨੇਕ ਸਿੰਘ ਸੰਗਰਾਹੂਰ, ਬਾਬਾ ਗੁਰਦਿਆਲ ਸਿੰਘ ਲੰਗੇਆਣਾ, ਭਾਈ ਗੁਰਸ਼ਰਨ ਸਿੰਘ ਭਲੂਰ, ਬਾਬਾ ਪਾਲੀ ਨਾਨਕਸਰ ਠਾਠ ਗੋਬਿੰਦ ਨਗਰੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੰਤ ਮਹਾਂਪੁਰਸ਼ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਵਿਸ਼ੇਸ਼ ਸਹਿਯੋਗ ਗੁਰੂ ਨਾਨਕ ਪੁਰੀ ਵੈਲਫੇਅਰ ਸਭਾ ਪਿੰਡ ਬੁੱਕਣ ਖਾਂ ਵਾਲਾ ਵਿਸ਼ੇਸ਼ ਸਹਿਯੋਗ ਦੇਣਗੇ। ਇਸ ਮੌਕੇ ਤੇ ਗਿਆਨੀ ਬਲਰਾਜ ਸਿੰਘ ਜੀ.ਯੂ.ਐਸ.ਏ ਵੀ ਵਿਸ਼ੇਸ਼ ਸਹਿਯੋਗ ਦੇਣਗੇ। ਇਸ ਮੌਕੇ ਤੇ ਜਥੇਦਾਰ ਗੁਰਦੀਪ ਸਿੰਘ ਬੁਕਣ ਖਾਂ ਵਾਲੇ ਸਮਾਗਮ ਨੂੰ ਕਾਮਯਾਬ ਬਨਾਉਣ ਲਈ ਦਿਨ—ਰਾਤ ਭਜਦੋੜ ਕਰ ਰਹੇ ਹਨ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਗਿਆਨੀ ਸੁਖਦੇਵ ਸਿੰਘ ਖਾਲਸਾ ਬੰਡਾਲਾ ਨੇ ਸੰਗਤਾਂ ਅੱਗੇ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥



# MP ਭਾਈ ਅੰਮ੍ਰਿਤਪਾਲ ਸਿੰਘ ਦੇ ਚਾਚੇ ਪ੍ਰਗਟ ਸਿੰਘ ਘਰ ਪਹੁੰਚੀ NIA ਦੀ ਟੀਮ

- ਘਰ 'ਚ ਚਾਚਾ ਨਾ ਮਿਲਣ 'ਤੇ ਚਾਚੀ ਅਮਰਜੀਤ ਕੌਰ ਨੂੰ ਹਿਰਾਸਤ ਵਿੱਚ ਲਿਆ
- ਬਿਆਸ ਥਾਣੇ ਵਿੱਚ ਚਾਚੀ ਤੋਂ ਕੀਤੀ ਜਾ ਰਹੀ ਪੁੱਛਗਿੱਛ
- MP ਅੰਮ੍ਰਿਤਪਾਲ ਸਿੰਘ ਦੇ ਹੋਰ ਸਾਥੀਆਂ ਦੇ ਘਰ ਵੀ ਪਹੁੰਚੀ NIA ਦੀ ਟੀਮ
- ਅੰਮ੍ਰਿਤਸਰ, ਬਾਘਾਪੁਰਾਣਾ ਸਣੇ ਪੰਜਾਬ 'ਚ ਵੱਖ-ਵੱਖ ਥਾਂਵਾਂ 'ਤੇ ਕੀਤੀ ਜਾ ਰਹੀ ਛਾਪੇਮਾਰੀ




ਭਾਰਤੀ ਸਟੇਟ ਦੀ ਸਿੱਖਾਂ ਲਈ ਝੂਠੀ ਆਜ਼ਾਦੀ ਇਕ ਫਿਰ ਬੇਪਰਦ ਹੋਈ ਹੈ, ਭਾਰਤੀ ਕਾਨੂੰਨ ਕਹਿੰਦਾ ਕਿ ਨਿਰਦੋਸ਼ ਔਰਤ ਠਾਣੇ ਨਹੀ ਬੁਲਾਈ ਜਾ ਸਕਦੀ ਪਰ ਜੇਕਰ ਉਹ ਔਰਤ ਪੰਜਾਬ ਦੇ ਕਿਸੇ ਹੱਕ ਮੰਗਦੇ ਪ੍ਰਵਾਰ ਲਈ ਸਿੱਖ ਦੇ ਘਰ ਦੀ ਧੀ ਜਾਂ ਨੂੰਹ ਹੈ ਤਾਂ ਥਾਣੇ ਕੀ, ਜੇਲ੍ਹ ਵਿੱਚ ਵੀ ਦਿੱਤਾ ਜਾ ਸਕਦਾ ਹੈ ਕਿਉਕਿ ਪੰਜਾਬ ਦੇ ਵਾਸੀਆਂ ਲਈ ਸ਼ੰਭੂ ਬਾਰਡਰ ਤੋਂ ਟੱਪਦੇ ਕਾਨੂੰਨ ਬਦਲ ਜਾਂਦੇ ਹਨ। ਜੋ ਹੁਣ ਵੀ ਪੱਗਾਂ ਬੰਨ੍ਹ ਤਿੰਨ ਲੀਰਾਂ ਤਿਰੰਗਾਂ ਚੁੱਕ ਟੱਪਦੇ ਨੱਚਦੇ ਆਜ਼ਾਦੀ ਦਿਵਸ ਮਨਾਉਦੇ ਹਨ ਉਹ ਨੱਕ ਡੋਬ ਮਰ ਜਾਣ ਤਾਂ ਜੋ ਸਾਡੀ ਕੌਮ ਨੂੰ ਗੁਲਾਮੀ ਦਾ ਅਹਿਸਾਸ ਹੋਵੇ।

ਧਰਮਯੁੱਧ ਮੋਰਚੇ ਦੌਰਾਨ 1982 ਵਿੱਚ ਸ੍ਰੀ ਤਰਨਤਾਰਨ ਸਾਹਿਬ ਰੇਲਵੇ ਫਾਟਕ 'ਤੇ

# ਸ਼ਹੀਦ ਹੋਏ 34 ਸਿੰਘ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ 34 ਸਿੰਘ ਸ਼ਹੀਦਾਂ ਸ਼ਾਹਪੁਰ ਬੇਲਾ ਰੋਪੜ ਵਿਖੇ ਜਥੇਦਾਰ ਦਾਦੂਵਾਲ ਜੀ ਦੀ ਦੇਖ ਰੇਖ ਵਿੱਚ ਹੋਏ ਸ਼ਹੀਦੀ ਸਮਾਗਮ ਚੜ੍ਹਦੀਕਲਾ ਨਾਲ ਸਮਾਪਤ
















ਧਰਮਯੁੱਧ ਮੋਰਚੇ ਦੌਰਾਨ 1982 ਵਿੱਚ ਸ੍ਰੀ ਤਰਨਤਾਰਨ ਸਾਹਿਬ ਰੇਲਵੇ ਫਾਟਕ ਤੇ ਸ਼ਹੀਦ ਹੋਏ 34 ਸਿੰਘ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ 34 ਸਿੰਘ ਸ਼ਹੀਦਾਂ ਸ਼ਾਹਪੁਰ ਬੇਲਾ ਰੋਪੜ ਵਿਖੇ ਜਥੇਦਾਰ ਦਾਦੂਵਾਲ ਜੀ ਦੀ ਦੇਖ ਰੇਖ ਵਿੱਚ ਹੋਏ ਸ਼ਹੀਦੀ ਸਮਾਗਮ ਚੜ੍ਹਦੀਕਲਾ ਨਾਲ ਸਮਾਪਤ.. 80 ਯੂਨਿਟ ਖੂਨਦਾਨ ਕੀਤਾ.. 20 ਪ੍ਰਾਣੀਆਂ ਅੰਮ੍ਰਿਤਪਾਨ ਕੀਤਾ।



(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਧਰਮਯੁੱਧ ਮੋਰਚੇ ਦੌਰਾਨ 1982 ਵਿੱਚ ਸ੍ਰੀ ਤਰਨਤਾਰਨ ਸਾਹਿਬ ਰੇਲਵੇ ਫਾਟਕ 'ਤੇ

# ਸ਼ਹੀਦ ਹੋਏ 34 ਸਿੰਘ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ 34 ਸਿੰਘ ਸ਼ਹੀਦਾਂ ਸ਼ਾਹਪੁਰ ਬੇਲਾ ਰੋਪੜ ਵਿਖੇ ਜਥੇਦਾਰ ਦਾਦੂਵਾਲ ਜੀ ਦੀ ਦੇਖ ਰੇਖ ਵਿੱਚ ਹੋਏ ਸ਼ਹੀਦੀ ਸਮਾਗਮ ਚੜ੍ਹਦੀਕਲਾ ਨਾਲ ਸਮਾਪਤ

















ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਕਰਨੈਲ ਸਿੰਘ ਪੀਰਮੁਹੰਮਦ ਨੇ ਫੈਡਰੇਸ਼ਨ ਦੀ 80ਵੀਂ ਵਰੇਗੰਢ ਮੌਕੇ ਗੁਰਦੁਆਰਾ ਸਿੰਘ ਸਭਾ ਡੈਨਹਾਗ ਨੀਦਰਲੈਂਡ ਵਿਖੇ

# ਸਿੱਖ ਭਾਈਚਾਰੇ ਨਾਲ ਵਿਚਾਰ ਚਰਚਾ ਕੀਤੀ



**ਅੰਮ੍ਰਿਤਸਰ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ 80 ਵੀ ਵਰੇਗੰਢ ਮੌਕੇ ਦੇਸ ਦੁਨੀਆ ਅੰਦਰ ਫੈਡਰੇਸ਼ਨ ਨਾਲ ਸਬੰਧਿਤ ਪੁਰਾਣੇ ਨਵੇ ਫੈਡਰੇਸ਼ਨ ਆਗੂਆਂ ਨੇ ਆਪਣੀ ਜਥੇਬੰਦੀ ਨੂੰ ਸਮਰਪਿਤ ਹੋਕੇ ਅੱਜ ਦਾ ਦਿਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਸਮਰਪਿਤ ਰਿਹਾ ।ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਅਤੇ ਸ਼੍ਰੌਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਸ੍ ਕਰਨੈਲ ਸਿੰਘ ਪੀਰਮੁਹੰਮਦ ਜੋ ਕਿ ਵਿਦੇਸ਼ ਦੌਰੇ ਤੇ ਹਨ ਨੇ ਫੈਡਰੇਸ਼ਨ ਦੀ 80ਵੀ ਵਰੇਗੰਢ ਮੌਕੇ ਗੁਰਦੁਆਰਾ ਸਿੰਘ ਸਭਾ ਡੈਨਹਾਗ ਨੀਦਰਲੈਂਡ ਵਿਖੇ ਸਿੱਖ ਭਾਈਚਾਰੇ ਨਾਲ ਵਿਚਾਰ ਚਰਚਾ ਕੀਤੀ ।ਨੀਦਰਲੈਂਡ ਦੇ ਸਿੱਖ ਤੇ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਸਖਸੀਅਤਾ ਸੁਖਬੀਰ ਸਿੰਘ ਪੱਡਾ , ਹਰਜੀਤ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ , ਜਰਨਲਿਸਟ ਹਰਜੋਤ ਸਿੰਘ ਸੰਧੂ ,ਦਲਜੀਤ ਸਿੰਘ ਮਲਹਾਰ, ਗੁਰਦੇਵ ਸਿੰਘ ਪੱਡਾ,ਜਸਦੇਵ ਸਿੰਘ ਸਾਧੂ,ਗੁਰਮੇਲ ਸਿੰਘ ਗੋਲੀ, ਹਰਜਿੰਦਰ ਸਿੰਘ,ਹਰਵਿੰਦਰ ਸਿੰਘ, ਹਰਦੀਪ ਸਿੰਘ ਸੰਧੂ ਜਸਦੇਵ ਸਿੰਘ ਟਿੱਕੂ ਵਿਸੇਸ਼ ਤੌਰ ਤੇ ਹਾਜਰ ਸਨ ।ਫੈਡਰੇਸ਼ਨ ਦੇ ਸਾਨਾਮੱਤੇ ਇਤਿਹਾਸ ਤੇ ਚਰਚਾ ਕਰਦਿਆ ਸ੍ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਅਸੀ ਫੈਡਰੇਸ਼ਨ ਦੇ ਪਲੇਟਫਾਰਮ ਤੇ ਰਹਿ ਕੇ ਪੰਥ ਤੇ ਪੰਜਾਬ ਲਈ ਸੇਵਾਵਾ ਦਿੱਤੀਆ ਹਨ ।ਸਿੱਖ ਭਾਈਚਾਰੇ ਦੀਆ ਸ਼੍ਰੌਮਣੀ ਅਕਾਲੀ ਦਲ ਵਰਗੀ ਖੇਤਰੀ ਪਾਰਟੀ ਪ੍ਰਤੀ ਚਿੰਤਾਵਾ ਦਾ ਜਿਕਰ ਕਰਦਿਆ ਸ੍ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਅਸੀ ਹਰ ਸੰਭਵ ਯਤਨ ਕਰ ਰਹੇ ਹਾਂ।

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਕਾਸ਼ੀ ਯੂਨੀਵਰਸਿਟੀ ਨੇ ਮਨਾਇਆ

# 'ਵਿਸ਼ਵ ਮੁੱਢਲੀ ਸਹਾਇਤਾ ਦਿਵਸ'





ਤਲਵੰਡੀ ਸਾਬੋ, 13 ਸਤੰਬਰ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਪ੍ਰੋ.(ਡਾ.)ਐਸ.ਕੇ.ਬਾਵਾ ਉਪ ਕੁਲਪਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੈਰਾਮੈਡੀਕਲ ਸਾਇੰਸਜ਼ ਵਿਭਾਗ ਵੱਲੋਂ ਲਾਰਿਤ ਵੈਲਫੇਅਰ ਫਾਉਂਡੇਸ਼ਨ ਅਤੇ ਏਮਜ਼ ਬਠਿੰਡਾ ਦੇ ਸਹਿਯੋਗ ਨਾਲ ਵਿਸ਼ਵ ਮੁੱਢਲੀ ਸਹਾਇਤਾ ਦਿਵਸ ਇੱਕ ਟ੍ਰੇਨਿੰਗ ਕੈਂਪ ਆਯੋਜਿਤ ਕਰਕੇ ਮਨਾਇਆ ਗਿਆ। ਇਸ ਮੌਕੇ ਮੁੱਖ ਵਕਤਾ ਡਾ. ਰਾਕੇਸ਼ ਕੱਕੜ, ਪ੍ਰੋਫੈਸਰ ਅਤੇ ਮੁਖੀ, ਕਮਿਊਨਿਟੀ ਅਤੇ ਫੈਮਿਲੀ ਮੈਡੀਸਨ, ਏਮਜ਼ ਬਠਿੰਡਾ ਨੇ ਵਿਦਿਆਰਥੀਆਂ ਨੂੰ ਮੁੱਢਲੀ ਸਹਾਇਤਾ ਦੀ ਟ੍ਰੇਨਿੰਗ ਦਿੰਦਿਆਂ ਦੱਸਿਆ ਕਿ ਦੁਰਘਟਨਾ, ਬਿਮਾਰੀ, ਮਿਰਗੀ ਅਤੇ ਦਿਲ ਦੇ ਦੌਰੇ ਆਦਿ ਸਮੇਂ ਮਰੀਜ਼ ਜਾਂ ਪੀੜਿਤ ਨੂੰ ਉਪਲਬਧ ਸੀਮਤ ਸਾਧਨਾਂ ਨਾਲ ਦਿੱਤੀ ਗਈ ਮੈਡੀਕਲ ਸਹਾਇਤਾ ਮੁੱਢਲੀ ਸਹਾਇਤਾ ਅਖਵਾਉਂਦੀ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਸਹਾਇਤਾ ਦੇਣ ਦਾ ਮੁੱਖ ਮੰਤਵ ਪੀੜਿਤ ਜਾਂ ਮਰੀਜ਼ ਨੂੰ ਜਲਦੀ ਤੋਂ ਜਲਦੀ ਮਾਹਿਰ ਡਾਕਟਰ ਤੱਕ ਪਹੁੰਚਾਉਣਾ ਹੁੰਦਾ ਹੈ ਤਾਂ ਜੋ ਯੋਗ ਮੈਡੀਕਲ ਇਲਾਜ਼ ਨਾਲ ਉਸਦੀ ਜਾਨ ਬਚਾਈ ਜਾ ਸਕੇ। ਉਨ੍ਹਾਂ ਹਾਜ਼ਰੀਨ ਨੂੰ ਮੁੱਢਲੀ ਸਹਾਇਤਾ ਕਿਵੇਂ, ਕਦੋਂ ਅਤੇ ਕਿਸ ਤਰ੍ਹਾਂ, ਬਾਰੇ ਜਾਣਕਾਰੀ ਦਿੱਤੀ। ਵਿਸ਼ਵ ਮੁੱਢਲੀ ਸਹਾਇਤਾ ਦਿਵਸ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਸਤੰਬਰ ਮਹੀਨੇ ਦੇ ਹਰ ਦੂਜੇ ਸ਼ਨੀਵਾਰ ਇਹ ਦਿਵਸ ਅੰਤਰਰਾਸ਼ਟਰੀ ਫੈਡਰੇਸ਼ਨ ਆਫ਼ ਰੈੱਡ ਕਰਾਸ ਵੱਲੋਂ ਸੰਨ 2000 ਤੋਂ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੜਕੀ ਹਾਦਸਿਆਂ ਦੌਰਾਨ ਮੁੱਢਲੀ ਸਹਾਇਤਾ ਅਤੇ ਸਮੇਂ ਸਿਰ ਡਾਕਟਰ ਕੋਲ ਪਹੁੰਚਨ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਇਸ ਲਈ ਉਨ੍ਹਾਂ ਵਿਦਿਆਰਥੀਆਂ ਨੂੰ ਸੜਕ ਹਾਦਸਿਆਂ, ਦਿਲ ਅਤੇ ਮਿਰਗੀ ਦੇ ਦੌਰਿਆਂ ਦੌਰਾਨ ਮਰੀਜ਼ ਨੂੰ ਫੌਰੀ ਤੌਰ 'ਤੇ ਦਿੱਤੀ ਜਾਣ ਵਾਲੀ ਮੁੱਢਲੀ ਸਹਾਇਤਾ ਅਤੇ ਸਾਹ ਘੱਟ ਆਉਣ ਵਾਲੇ ਹਾਲਤਾਂ ਵਿੱਚ ਮਰੀਜ਼ ਨੂੰ ਮੂੰਹ ਰਾਹੀਂ ਦਿੱਤੇ ਜਾਣ ਵਾਲੇ ਸਾਹ (ਸੀ.ਪੀ.ਆਰ) ਸੰਬੰਧੀ ਜਾਣਕਾਰੀ ਡਮੀ ਦੇ ਮਾਧਿਅਮ ਰਾਹੀਂ ਸਮਝਾਈ। ਇਸ ਮੌਕੇ ਵਿਭਾਗ ਮੁੱਖੀ ਡਾ. ਰਜਿੰਦਰ ਕੁਮਾਰ ਨੇ ਲਤਾ ਸ਼੍ਰੀਵਾਸਤਵ, ਲਾਰਿਤ ਵੈਲਫੇਅਰ ਫਾਉਂਡੇਸ਼ਨ, ਮੁੱਖ ਵਕਤਾ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਭਨਾਂ ਨੂੰ ਮੁੱਢਲੀ ਸਹਾਇਤਾ ਸੰਬੰਧੀ ਸਿਖਿਅਤ ਅਤੇ ਜਾਗ੍ਰੂਕ ਕਰਨਾ ਅੱਜ ਦੇ ਆਯੋਜਨ ਦਾ ਮੁੱਖ ਮੰਤਵ ਹੈ। ਇਸ ਟ੍ਰੇਨਿੰਗ ਕੈਂਪ ਵਿੱਚ ਪੈਰਾਮੈਡੀਕਲ ਸਾਇੰਸਜ਼ ਦੇ ਫੈਕਲਟੀ ਮੈਂਬਰਾਂ ਅਤੇ ਲਗਭਗ 200 ਵਿਦਿਆਰਥੀਆਂ ਨੇ ਹਿੱਸਾ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਤਲਵੰਡੀ ਸਾਬੋ ਵਿਖੇ ਸਿਹਤ ਵਿਭਾਗ ਨੇ ਮਨਾਇਆ

# ਫਰਾਈ ਡੇਅ, ਡਰਾਈ ਡੇਅ ਹਫਤਾ

**ਤਲਵੰਡੀ ਸਾਬੋ, 13 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਸਿਵਲ ਸਰਜਨ ਬਠਿੰਡਾ, ਜਿਲਾ ਸਿਹਤ ਅਫਸਰ ਡਾ. ਊਸ਼ਾ ਗੋਇਲ, ਜਿਲਾ ਐਪੀਡੀਮੋਲੋਜਿਸਟ ਡਾ.ਮਯੰਕਜੋਤ ਸਿੰਘ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਡਾ. ਦਰਸ਼ਨ ਕੌਰ ਐਸ.ਐਮ.ਓ ਤਲਵੰਡੀ ਸਾਬੋ, ਜਿਲਾ ਏ.ਐਮ.ਓ ਹਰਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਵਾਟਰਵਰਕਸ ਤਲਵੰਡੀ ਸਾਬੋ, ਨਗਰ ਪੰਚਾਇਤ ਦਫ਼ਤਰ ਅਤੇ ਬੀਡੀਪੀਓ ਤਲਵੰਡੀ ਸਾਬੋ ਵਿਖੇ ਕੰਪੇਨ ਤਹਿਤ ਫਰਾਈ ਡੇਅ ਡਰਾਈ ਡੇਅ ਮਨਾਇਆ ਅਤੇ ਡੇਂਗੂ ਸਬੰਧੀ ਜਾਗਰੂਕਤਾ ਗਤੀਵਿਧੀ ਕੀਤੀ ਗਈ। ਇਸ ਮੌਕੇ ਹੈਲਥ ਸੁਪਰਵਾਈਜਰ ਕੁਲਦੀਪ ਸਿੰਘ ਨੇ ਦੱਸਿਆ ਕਿ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਇਸੇ ਲੜੀ ਤਹਿਤ ਅੱਜ ਵੱਖ-ਵੱਖ ਥਾਵਾਂ 'ਤੇ ਜਾ ਕੇ ਡੇਂਗੂ ਬਾਰੇ ਵਿਸਤਾਰ ਨਾਲ ਦੱਸਿਆ। ਡੇਂਗੂ ਮਾਦਾ ਮੱਛਰ ਦੇ ਡੰਗਣ ਕਾਰਨ ਹੁੰਦਾ ਹੈ ਜੋ ਕਿ ਖੜ੍ਹੇ ਸਾਫ਼ ਪਾਣੀ 'ਚ ਪੈਦਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਘਰਾਂ ਦੇ ਆਲੇ-ਦੁਆਲੇ ਤੇ ਛੱਤਾਂ 'ਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਇਸ ਮੌਕੇ ਮਲਟੀਪਰਪਜ ਹੈਲਥ ਵਰਕਰ ਹਰਪਾਲ ਸਿੰਘ ਗਿਆਨਾ ਨੇ ਦੱਸਿਆ ਕਿ ਬਾਰਿਸ਼ਾਂ ਦੇ ਮੌਸਮ ਦੌਰਾਨ ਘਰਾਂ ਦੀਆਂ ਛੱਤਾਂ ਤੇ ਪਏ ਕਬਾੜ, ਗਮਲਿਆਂ, ਟੁੱਟੇ ਬਰਤਨਾਂ, ਕੂਲਰਾਂ ਅਤੇ ਫਰਿੱਜ ਦੀ ਟਰੇਅ ਨੂੰ ਹਰ ਹਫ਼ਤੇ ਖਾਲੀ ਕਰਕੇ ਸੁਕਾਇਆ ਜਾਵੇ। ਪੂਰੇ ਸਰੀਰ ਨੂੰ ਢਕਣ ਵਾਲੇ ਕੱਪੜੇ ਪਾਏ ਜਾਣ ਅਤੇ ਰਾਤ ਨੂੰ ਸੌਣ ਵਾਲੇ ਮੱਛਰ ਭੁਜਾਉਣ ਵਾਲੀਆਂ ਕਰੀਮਾਂ, ਮੱਛਰ ਭੁਜਾਊ ਜੰਤਰਾਂ ਅਤੇ ਜਾਲੀਦਾਰ ਦਰਵਾਜਿਆਂ ਆਦਿ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਮਲਟੀਪਰਪਜ ਹੈਲਥ ਵਰਕਰ ਕੁਲਦੀਪ ਸਿੰਘ ਕਮਾਲੂ, ਗੁਰਸੇਵਕ ਸਿੰਘ, ਕੁਲਦੀਪ ਕੁਮਾਰ, ਜਗਸੀਰ ਸਿੰਘ, ਬਰੀਡ ਚੈਕਰ ਅਮਨਪ੍ਰੀਤ ਸਿੰਘ ਅਤੇ ਸੁਖਚੈਨ ਸਿੰਘ ਹਾਜ਼ਰ ਸਨ।







ਆਵਾਜ਼ਿ ਕੌਮ AWAZE QAUM International Newspaper & WEB TV

# ਅੰਮ੍ਰਿਤਸਰ ਵਿਖੇ 15 ਸਤੰਬਰ ਨੂੰ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਜਮਹੂਰੀਅਤ ਦਿਵਸ—ਜਗਜੀਤ ਸਿੰਘ ਸ਼ੂਸ਼ਕ

**ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ)** :— ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲ੍ਹਾ ਫਿਰੋਜ਼ਪੁਰ ਦੇ ਦਫਤਰ ਸਕੱਤਰ ਜਗਜੀਤ ਸਿੰਘ ਸ਼ੂਸ਼ਕ ਨੇ ਫਿਰੋਜ਼ਪੁਰ ਛਾਉਣੀ ਸਥਿਤ ਪਾਰਟੀ ਦਫਤਰ ਤੋਂ ਇਕ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ 15 ਸਤੰਬਰ ਨੂੰ ਅੰਤਰਰਾਸ਼ਟਰੀ ਜਮਹੂਰੀਅਤ ਦਿਵਸ ਜੋ ਕਿ ਅੰਮ੍ਰਿਤਸਰ ਵਿਖੇ ਮਨਾਇਆ ਜਾ ਰਿਹਾ ਹੈ, ਦੇ ਸਬੰਧ ਵਿੱਚ ਵਰਕਰਾਂ ਅਤੇ ਆਗੂਆਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਜਿਸ ਵਿੱਚ ਸੰਗਤਾਂ ਨੂੰ ਵੱਧ ਤੋਂ ਵੱਧ ਪਾਰਟੀ ਨਾਲ ਜੁੜ ਕੇ ਜਮੂਰੀਅਤ ਦਿਹਾੜੇ ਦੇ ਮੌਕੇ ਕੀਤੀ ਜਾ ਰਹੀ ਰੋਸ ਰੈਲੀ ਵਿੱਚ ਸ਼ਾਮਿਲ ਹੋ ਸਕਣ। ਗੱਲਬਾਤ ਕਰਦਿਆਂ ਜਗਜੀਤ ਸਿੰਘ ਸ਼ੂਸ਼ਕ ਨੇ ਕਿਹਾ ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਪਹੁੰਚ ਰਹੇ ਹਨ, ਆਪਾਂ ਉਨ੍ਹਾਂ ਦਾ ਸਵਾਗਤ ਕਰਨ ਅਤੇ ਉਨ੍ਹਾਂ ਦੇ ਵਿਚਾਰ ਸੁਣਨ ਲਈ ਵੱਧ ਤੋਂ ਵੱਧ ਸਮੂਲੀਅਤ ਕਰੀਏ। ਇਸ ਮੌਕੇ ਉਨ੍ਹਾਂ ਕਿਹਾ ਕਿ ਬੇਸ਼ੱਕ ਅਸੀਂ ਭਾਰਤ ਦੇਸ਼ ਦੇ ਆਜ਼ਾਦ ਨਿਵਾਸੀ ਅਖਵਾਉਂਦੇ ਹਾਂ ਪਰ ਅੱਜ ਵੀ ਅਸੀਂ ਗੁਲਾਮਾਂ ਵਾਲੀ ਜ਼ਿੰਦਗੀ ਬਤੀਤ ਕਰ ਰਹੇ ਹਾਂ, ਸਾਨੂੰ ਸਾਡੇ ਹੱਕਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 12 ਸਾਲਾਂ ਤੋਂ ਨਹੀਂ ਕਰਵਾਈਆਂ ਜਾ ਰਹੀਆਂ ਇਹ ਸਾਡੇ ਹੱਕਾਂ ਤੇ ਡਾਕਾ ਮਾਰਨ ਬਰਾਬਰ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿਸ਼ਵ ਭਰ ਵਿੱਚ 15 ਸਤੰਬਰ ਨੂੰ ਅੰਤਰਰਾਸ਼ਟਰੀ ਜਮਹੂਰੀਅਤ ਦਿਹਾੜਾ ਮਨਾਇਆ ਜਾਂਦਾ ਹੈ ਤੇ ਸਿੱਖ ਕੌਮ ਲਈ ਵੀ ਇਹ ਦਿਹਾੜਾ ਅਹਿਮ ਸਥਾਨ ਰੱਖਦਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸਾਡੇ ਬੰਦੀ ਸਿੰਘ ਜੇਲ੍ਹਾਂ ਵਿੱਚ ਨਜ਼ਰਬੰਦ ਹਨ ਤੇ ਸਾਡੀ ਕੋਈ ਸੁਣਵਾਈ ਨਹੀਂ ਹੋ ਰਹੀ ਤਾਂ ਲੋਕਤੰਤਰ ਦੀ ਸਹੀ ਬਹਾਲੀ ਲਈ ਸਾਨੂੰ ਵੀ ਇੱਕਜੁੱਟ ਹੋਣਾ ਚਾਹੀਦਾ ਹੈ ਤੇ ਪਾਰਟੀ ਵੱਲੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦਾ ਹਿੱਸਾ ਬਣਨਾ ਚਾਹੀਦਾ ਹੈ ਤਾਂ ਜੋ ਸਾਨੂੰ ਸਾਡਾ ਬਣਦਾ ਹੱਕ ਮਿਲ ਸਕੇ। ਉਨ੍ਹਾਂ ਕਿਹਾ ਕਿ 15 ਸਤੰਬਰ ਨੂੰ ਪਾਰਟੀ ਵੱਲੋਂ ਜੋ ਲੋਕਤੰਤਰ ਦਾ ਦਿਹਾੜਾ ਮਨਾਉਣ ਸਬੰਧੀ ਅੰਮ੍ਰਿਤਸਰ ਵਿਖੇ ਭਰਵੀਂ ਇਕੱਤਰਤਾ ਕੀਤੀ ਜਾ ਰਹੀ ਹੈ ਉਸ ਵਿੱਚ ਜਿਲ੍ਹੇ ਦੀ ਸਮੁੱਚੀ ਜੱਥੇਬੰਦੀ, ਵਰਕਰਾਂ ਸਮੇਤ ਵੱਧ ਚੜ ਕੇ ਸ਼ਾਮਿਲ ਹੋਵੇਗੀ।



ਆਵਾਜ਼ਿ ਕੌਮ AWAZE QAUM International Newspaper & WEB TV

# ਦਿਹਾਤੀ ਖੇਤਰਾਂ ਦੇ ਵਿਕਾਸ ਲਈ ਪਿੰਡਾਂ ਵਿੱਚ ਗ੍ਰਾਮ ਸਭਾ ਦੇ ਨਾਲ ਇਸਤਰੀ ਸਭਾ ਅਤੇ ਬਾਲ ਸਭਾ ਕਰਵਾਉਣਾ ਜ਼ਰੂਰੀ : ਤਾਲਬਪੁਰਾ

**ਅੰਮ੍ਰਿਤਸਰ, 13 ਸਤੰਬਰ (ਇਕਬਾਲ ਸਿੰਘ ਤੁੰਗ)**-ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਕਿਹਾ ਕਿ ਦੇਸ਼ ਭਰ 'ਚ ਗ੍ਰਾਮ ਅਦਾਲਤਾਂ ਦੀ ਸਥਾਪਨਾ ਨਾਲ ਇਨਸਾਫ਼ ਤੱਕ ਪਹੁੰਚ 'ਚ ਆਸਾਨੀ ਹੋਵੇਗੀ ਤੇ ਲੋਕਾਂ ਨੂੰ ਛੇਤੀ ਇਨਸਾਫ਼ ਮਿਲੇਗਾ। ਸੰਸਦ ਵਲੋਂ 2008 'ਚ ਪਾਸ ਇਕ ਐਕਟ 'ਚ ਨਾਗਰਿਕਾਂ ਨੂੰ ਉਨ੍ਹਾਂ ਦੇ ਦਰਵਾਜ਼ੇ ਤੱਕ ਇਨਸਾਫ਼ ਤੱਕ ਪਹੁੰਚ ਦੇਣ ਲਈ ਜ਼ਮੀਨੀ ਪੱਧਰ 'ਤੇ ਗ੍ਰਾਮ ਅਦਾਲਤਾਂ ਦੀ ਸਥਾਪਨਾ ਦੀ ਵਿਵਸਥਾ ਕੀਤੀ ਗਈ ਸੀ ਤਾਂ ਜੋ ਸਮਾਜਿਕ, ਆਰਥਿਕ ਜਾਂ ਹੋਰ ਕਮੀਆਂ ਕਾਰਨ ਕਿਸੇ ਨੂੰ ਵੀ ਇਨਸਾਫ਼ ਪ੍ਰਾਪਤ ਕਰਨ ਦੇ ਮੌਕਿਆਂ ਤੋਂ ਵਾਂਝੇ ਨਾ ਕੀਤਾ ਜਾਏ। ਜਸਟਿਸ ਬੀਆਰ ਗਵਈ, ਜਸਟਿਸ ਪੀਕੇ ਮਿਸ਼ਰਾ ਤੇ ਜਸਟਿਸ ਕੇਵੀ ਵਿਸ਼ਵਨਾਥਨ ਦਾ ਬੈਂਚ ਵੱਲੋਂ ਕਦਮ ਚੁੱਕਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ । ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਘੇ ਸਮਾਜ ਸੇਵਕ ਅਤੇ ਪੰਥਕ ਆਗੂ ਭਾਈ ਸੁਰਿੰਦਰ ਪਾਲ ਸਿੰਘ ਤਾਲਬਪੁਰਾ ਨੇ ਕਿਹਾ ਕਿ ਇਹ ਬੜੇ ਅਫਸੋਸ ਦੀ ਗੱਲ ਹੈ ਕਿ 2008 ਵਿੱਚ ਸੰਸਦ ਵੱਲੋਂ ਪਾਸ ਹੋਏ ਐਕਟ ਨੂੰ ਲਾਗੂ ਨਹੀ ਕੀਤਾ ਗਿਆ ਪਰ ਹੁਣ ਇਸ ਨੂੰ ਲਾਗੂ ਕਰਨ ਲਈ ਅਦਾਲਤ ਵੱਲੋਂ ਨਿਰਦੇਸ਼ ਦਿੱਤੇ ਗਏ ਹਨ ਦੀ ਸ਼ਲਾਘਾ ਕੀਤੀ ਗਈ। ਇਥੇ ਜਿਕਰਯੋਗ ਹੈ ਕਿ ਇਸ ਕੇਸ ਦੀ ਸੁਣਵਾਈ ਦੌਰਾਨ ਪਟੀਸ਼ਨਰ ਐੱਨ ਜੀ ਓ ਨੈਸ਼ਨਲ ਫੈਡਰੇਸ਼ਨ ਆਫ ਸੁਸਾਇਟੀਜ਼ ਫਾਰ ਫਾਸਟ ਜਸਟਿਸ ਤੇ ਹੋਰਨਾਂ ਵਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਹੁਣ ਤੱਕ ਸਿਰਫ਼ ਪੰਜ ਤੋਂ ਛੇ ਫ਼ੀਸਦੀ ਗ੍ਰਾਮ ਅਦਾਲਤਾਂ ਹੀ ਸਥਾਪਤ ਕੀਤੀਆਂ ਗਈਆਂ ਹਨ। ਭੂਸ਼ਣ ਨੇ ਬੈਂਚ ਨੂੰ ਕਿਹਾ ਕਿ ਕੁਝ ਸੂਬੇ ਕਹਿ ਰਹੇ ਹਨ ਕਿ ਸਾਨੂੰ ਗ੍ਰਾਮ ਅਦਾਲਤਾਂ ਦੀ ਲੋੜ ਨਹੀਂ ਹੈ ਕਿਉਂਕਿ ਸਾਡੇ ਕੋਲ ਇਨਸਾਫ਼ ਪੰਚਾਇਤਾਂ ਹਨ। ਉਨ੍ਹਾਂ ਕਿਹਾ ਕਿ ਇਨਸਾਫ਼ ਪੰਚਾਇਤਾਂ ਅਸਲ 'ਚ ਗ੍ਰਾਮ ਅਦਾਲਤਾਂ ਵਰਗੀਆਂ ਨਹੀਂ ਹਨ, ਜਿਨ੍ਹਾਂ 'ਚ ਨਿਆਇਕ ਅਧਿਕਾਰੀ ਹੁੰਦੇ ਹਨ। ਭਾਈ ਸੁਰਿੰਦਰ ਪਾਲ ਸਿੰਘ ਤਾਲਬਪੁਰਾ ਨੇ ਕਿਹਾ ਕਿ ਦਿਹਾਤੀ ਖੇਤਰਾਂ ਦੇ ਵਿਕਾਸ ਲਈ ਪਿੰਡਾਂ ਵਿੱਚ ਔਰਤਾਂ ਅਤੇ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਜਿਥੇ ਗ੍ਰਾਮ ਸਭਾ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ ਉਥੇ ਹੀ ਦਿਹਾਤੀ ਖੇਤਰ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਸਤਰੀ ਸਭਾ ਅਤੇ ਬਾਲ ਸਭਾ ਕਰਨੀਆਂ ਚਾਹੀਦੀਆਂ ਹਨ ਅਤੇ ਪਿੰਡਾਂ ਦੀ ਮਜਬੂਤੀ ਲਈ ਪੈਂਡੂ ਵਿਕਾਸ ਯੋਜਨਾ ਵਿੱਚ ਬਾਲ ਸਭਾ ਅਤੇ ਇਸਤਰੀ ਸਭਾ ਨੂੰ ਯੋਗ ਥਾਂ ਦੇਣੀ ਚਾਹੀਦੀ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਪੰਜਾਬ ਨੈਸ਼ਨਲ ਬੈਂਕ ਹਰਚੋਵਾਲ ਵਿਖੇ ਪਹੁੰਚਣ 'ਤੇ ਸਟਾਫ ਵੱਲੋਂ ਕੀਤਾ ਗਿਆ ਨਿੱਘਾ ਸਵਾਗਤ

**ਗੁਰਦਾਸਪੁਰ/ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 13 ਸਤੰਬਰ (ਕੁਲਜੀਤ ਸਿੰਘ ਖੋਖਰ)**-ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਆਗੂ ਸਰਦਾਰ ਪ੍ਰਤਾਪ ਸਿੰਘ ਬਾਜਵਾ ਦਾ ਅੱਜ ਪੰਜਾਬ ਨੈਸ਼ਨਲ ਬੈਂਕ ਹਰਚੋਵਾਲ ਵਿਖੇ ਪਹੁੰਚਣ ਤੇ ਉਨ੍ਹਾਂ ਦਾ ਬੈਂਕ ਸਟਾਫ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਬੈਕ ਦੇ ਸੀਨੀਅਰ ਕੈਸ਼ੀਅਰ ਹਰਜੀਤ ਸਿੰਘ ਵੱਲੋਂ ਪ੍ਰਤਾਪ ਸਿੰਘ ਬਾਜਵਾ ਦਾ ਸਵਾਗਤ ਕੀਤਾ ਗਿਆ। ਬਾਜਵਾ ਵਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੈਂਕ ਦੇ ਸਟਾਫ ਦੀ ਵਧੀਆ ਕਾਰਗੁਜ਼ਾਰੀ ਪ੍ਰਸ਼ਾਸਕਾਂ ਕਰਦਿਆਂ ਕਿਹਾ ਕਿ ਇਸ ਬੈਂਕ ਦੇ ਸਮੂਹ ਸਟਾਫ ਬਹੁਤ ਵਧੀਆ ਤਰੀਕੇ ਨਾਲ ਆਪਣੀ ਜ਼ਿਮੇਵਾਰੀ ਨਿਭਾ ਰਿਹਾ ਹੈ, ਗਾਹਕਾਂ ਨਾਲ਼ ਬਹੁਤ ਵਧੀਆ ਤਰੀਕੇ ਨਾਲ ਪੇਸ਼ ਆਉਂਦੇ ਹਨ। ਸਮੇਂ ਸਮੇਂ ਸਿਰ ਗਾਹਕਾਂ ਨੂੰ ਬੈਂਕ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਤੋਂ ਜਨਤਾ ਨੂੰ ਜਾਣੂ ਕਰਵਾਇਆ ਜਾਂਦਾ ਹੈ। ਇਸ ਮੌਕੇ ਉਨ੍ਹਾਂ ਨਾਲ ਕਾਂਗਰਸ ਆਗੂ ਸਤਨਾਮ ਸਿੰਘ ਔਲਖ ਹਾਜ਼ਰ ਸਨ।




ਆਵਾਜ਼ਿ ਕੌਮ AWAZE QAUM International Newspaper & WEB TV

ਦੀ ਨਥੇਹਾ ਕੋਆਪਰੇਟਿਵ ਸੁਸਾਇਟੀ ਲਿਮਿਟਡ ਦੀ ਹੋਈ ਚੋਣ

# ਵਿਸਾਖਾ ਸਿੰਘ ਖਾਲਸਾ ਚੁਣੇ ਸਰਬਸੰਮਤੀ ਨਾਲ ਪ੍ਰਧਾਨ



**ਤਲਵੰਡੀ ਸਾਬੋ, 13 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਦੀ ਨਥੇਹਾ ਕੋਅਪਰੇਟਿਵ ਸੁਸਾਇਟੀ ਲਿਮਟਿਡ ਦੀ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਜਿਸ ਦੇ ਪ੍ਰਧਾਨ ਵਿਸਾਖਾ ਸਿੰਘ ਖਾਲਸਾ ਨੂੰ ਬਣਾਇਆ ਗਿਆ ਅਤੇ ਮੀਤ ਪ੍ਰਧਾਨ ਦੀ ਚੋਣ ਵੀ ਅੱਜ ਸਰਬਸੰਮਤੀ ਨਾਲ ਸੰਪੂਰਨ ਹੋਈ ਜਿਸ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਔਰਤਾਂ ਨੂੰ ਵੱਧ ਅਧਿਕਾਰ ਦੇਣ ਦੇ ਫੈਸਲੇ 'ਤੇ ਪਿੰਡ ਨਥੇਹਾ-ਗੋਲੇਵਾਲਾ ਦੀ ਕੋਅਪਰੇਟਿਵ ਸੁਸਾਇਟੀ ਨੇ ਫੁੱਲ ਚੜਾਉਂਦੇ ਹੋਏ ਕਮੇਟੀ ਦੀ ਇੱਕਲੀ ਔਰਤ ਮੈਂਬਰ ਸ਼੍ਰੀਮਤੀ ਅਮਰਜੀਤ ਕੌਰ ਨੂੰ ਮੀਤ ਪ੍ਰਧਾਨ ਬਣਾਇਆ ਗਿਆ। ਇਸਤੋਂ ਇਲਾਵਾ ਜਗਦੇਵ ਸਿੰਘ ਸਾਬਕਾ ਪ੍ਰਧਾਨ ਨਥੇਹਾ, ਜੱਗਾ ਸਿੰਘ ਨਥੇਹਾ, ਧਨੰਤਰ ਸਿੰਘ, ਗੁਰਜੀਤ ਸਿੰਘ ਨਥੇਹਾ, ਗੁਰਮੇਲ ਸਿੰਘ ਨਥੇਹਾ, ਰਾਜਾ ਸਿੰਘ ਗੋਲੇਵਾਲਾ ਅਤੇ ਹਰਮੇਲ ਸਿੰਘ ਗੋਲੇਵਾਲਾ ਨੂੰ ਮੈਂਬਰ ਚੁਣਿਆ ਗਿਆ। ਇਸ ਮੌਕੇ ਪ੍ਰਧਾਨ ਬਣਨ ਦੀ ਖੁਸ਼ੀ ਕਬੂਲਦਿਆਂ ਵਿਸਾਖਾ ਸਿੰਘ ਖਾਲਸਾ ਨੇ ਕਿਹਾ ਕਿ ਸਾਰੀ ਕਮੇਟੀ ਸੁਸਾਇਟੀ ਵਿਚ ਵਧੀਆ ਸਹੂਲਤਾਂ ਦੇਣ ਲਈ ਪੂਰੀਆਂ ਕੋਸ਼ਿਸ਼ਾਂ ਕਰਨ ਲਈ ਵਚਨਬੱਧ ਹਾਂ। ਕਿਸਾਨਾਂ ਨੂੰ ਸੁਸਾਇਟੀ ਸਬੰਧੀ ਰੇਹ, ਸਪਰੇਅ ਜਾਂ ਬੀਜਾਂ ਆਦਿਕ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਬਿੱਕਰ ਸਿੰਘ ਨਥੇਹਾ ਬਲਾਕ ਪ੍ਰਧਾਨ ਆਪ, ਸੁਖਦੇਵ ਸਿੰਘ ਸਾਬਕਾ ਫੌਜੀ, ਹਰਦੇਵ ਸਿੰਘ ਨਥੇਹਾ, ਸੁਖਵਿੰਦਰ ਸਿੰਘ ਸੈਕਟਰੀ, ਹਰਪ੍ਰੀਤ ਸਿੰਘ ਨਥੇਹਾ ਮੌਜੂਦ ਸਨ।

ਅਸ਼ੌਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਆਉਂਦੇ ਪਿੰਡਾਂ, ਸਰਕਾਰੀ ਦਫਤਰਾਂ ਅਤੇ ਪ੍ਰਾਈਵੇਟ ਦਫ਼ਤਰਾਂ ਵਿਖੇ

# ਡ੍ਰਾਈ ਡੇ ਐਕਟੀਵਿਟੀ ਕੀਤੀ ਗਈ

**ਧੂਰੀ ( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਡਾਕਟਰ ਕਿਰਪਾਲ ਸਿੰਘ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਜੀ ਅਤੇ ਐਸ ਐਮ ਓ ਡਾਕਟਰ ਰਾਜੇਸ ਗਰਗ ਜੀ ਦੀ ਯੋਗ ਅਗਵਾਈ ਅਤੇ ਅਸ਼ੌਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਅਧੀਨ ਆਉਂਦੇ ਪਿੰਡਾਂ ਕਾਂਝਲਾ, ਲੱਡਾਂ, ਬੇਨੜਾ ਦੇ ਸਰਕਾਰੀ ਦਫਤਰਾਂ ਅਤੇ ਪ੍ਰਾਈਵੇਟ ਦਫ਼ਤਰਾਂ ਵਿਖੇ ਡ੍ਰਾਈ ਡੇ ਐਕਟੀਵਿਟੀ ਕੀਤੀ ਗਈ।ਉਥੇ ਮੌਜੂਦ ਮੁਲਾਜ਼ਮਾਂ ਨੂੰ ਡੈਂਗੂ, ਮਲੇਰੀਆ, ਚਿਕਨਗੁਨੀਆ ਅਤੇ ਮੋਸਮੀ ਬਿਮਾਰੀਆਂ ਦੇ ਚਿੰਨ੍ਹ ਅਤੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਬੁਖਾਰ ਵਾਲੇ ਕੇਸਾ ਦੇ ਖ਼ੂਨ ਦੇ ਸੈਂਪਲ ਇਕੱਤਰ ਕਰਕੇ ਸੀ ਐਚ ਸੀ ਪੱਧਰ ਤੇ ਲੈਬਾਟਰੀ ਵਿੱਚ ਭੇਜੇ ਗਏ ਅਤੇ ਲੋਕਾਂ ਬਿਮਾਰੀਆਂ ਨਾਲ ਸਬੰਧਿਤ ਇਸਤਿਹਾਰ ਵੰਡੇ ਗਏ ਤੇ ਡੈਂਗੂ ਐਪ ਡਾਊਨਲੋਡ ਕਰਨ ਲਈ ਪ੍ਰੇਰਤ ਕੀਤਾ ਗਿਆ ਤੇ ਦੱਸਿਆ ਗਿਆ ਕੇ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਜੋ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ।ਇਹ ਮੱਛਰ ਕੂਲਰ ਦੇ ਪਾਣੀ ਫਰਿੱਜਾਂ ਪਿੱਛੇ ਲੱਗੀ ਟਰੇਆਂ, ਗਮਲਿਆਂ, ਕੰਨਟੇਨਰਾ, ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਤਾਂ ਜੋ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹ ਬਰਤਨਾਂ ਵਿਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ।ਬਰਤਨਾ ਨੂੰ ਪੂਰੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਾਸ ਪੇਸ਼ੀਆਂ ਅਤੇ ਜੋੜਾਂ ਨ੍ਹਕ ਦਰਦ, ਜੀ ਕੱਚਾ ਹੋਣਾ ਅਤੇ ਉਲਟੀਆਂ, ਹਾਲਤ ਖ਼ਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ।



ਇਸ ਮੌਕੇ ਸਾਨੂੰ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਗੂ ਦ ਟੇਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ।ਟੀਮ ਮੈਂਬਰ ਅਮਰੀਕ ਸਿੰਘ ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ ਮ,ਪ,ਹ,ਵ (ਮ) ਹਾਜ਼ਰ ਸਨ।

ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਤੇ ਟਿੱਲਾ ਬਾਬਾ ਫ਼ਰੀਦ ਜੀ ਕਮੇਟੀ ਵੱਲੋਂ

# ਕੈਂਪ ਦੌਰਾਨ ਇਕੱਤਰ ਕੀਤੇ 301 ਬਲੱਡ ਯੂਨਿਟ

**ਫ਼ਰੀਦਕੋਟ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਤੇ ਟਿੱਲਾ ਬਾਬਾ ਫ਼ਰੀਦ ਜੀ ਕਮੇਟੀ ਵੱਲੋ ਟਿੱਲਾ ਬਾਬਾ ਫ਼ਰੀਦ ਜੀ ਦੇ ਹਾਲ ਵਿਚ ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ ਮੌਕੇ ਮੇਲੇ ਦੀ ਸ਼ੁਰੂਆਤ ਵਿਸ਼ਾਲ ਖ਼ੂਨਦਾਨ ਕੈਂਪ ਤੋ ਕੀਤੀ। ਕੈਂਪ ਤੇ ਵਿਸੇਸ਼ ਤੌਰ ਤੇ ਪਹੁੰਚੇ ਹਲਕਾ ਵਿਧਾਇਕ ਸ੍ਰ ਗੁਰਦਿੱਤ ਸਿੰਘ ਸੇਖੋ ਨੇ ਨੌਜਵਾਨਾਂ ਦਾ ਹੌਂਸਲਾ ਵਧਾਇਆ ਤੇ ਖੁਦ ਖ਼ੂਨਦਾਨ ਕੀਤਾ।ਇਹ ਜਾਣਕਾਰੀ ਪ੍ਰੈਸ ਨਾਲ ਸੁਸਾਇਟੀ ਦੇ ਜਰਨਲ ਸਕੱਤਰ ਸੁਖਵੀਰ ਸਿੰਘ ਰੱਤੀ ਰੋੜੀ ਨੇ ਸਾਂਝੀ ਕਰਦਿਆ ਦੱਸਿਆ ਕਿ ਕੈਂਪ ਦੌਰਾਨ 301 ਯੂਨਿਟ ਇਕੱਤਰ ਹੋਏ ।ਓਨਾਂ ਨੌਜਵਾਨਾਂ ਦਾ ਧੰਨਵਾਦ ਕੀਤਾ ਤੇ ਭਵਿੱਖ ਵਿਚ ਇਸ ਤੋ ਵਧਕੇ ਆਸ ਕੀਤੀ ।ਇਸ ਸਮੇ ਟਿੱਲਾ ਬਾਬਾ ਫ਼ਰੀਦ ਜੀ ਕਮੇਟੀ ਦੇ ਚੇਅਰਮੈਨ ਸਿਮਰਜੀਤ ਸਿੰਘ ਸੇਖੋਂ , ਪ੍ਰਧਾਨ ਡਾਂ. ਗੁਰਿੰਦਰ ਮੋਹਨ ਸਿੰਘ, ਚਰਨਜੀਤ ਸਿੰਘ ਮੀਤ ਪ੍ਰਧਾਨ, ਸੁਰਿੰਦਰ ਸਿੰਘ ਰੋਮਾਣਾ ਜਰਨਲ ਸਕੱਤਰ, ਦੀਪ ਇੰਦਰ ਸਿੰਘ ਸੇਖੋ ਸੀਨੀ. ਮੀਤ ਪ੍ਰਧਾਨ , ਗੁਰਜਾਪ ਸਿੰਘ, ਨਰਿੰਦਰ ਸਿੰਘ ਬਰਾੜ, ਕੁਲਜੀਤ ਸਿੰਘ ਮੋਗੀਆਂ ਤੋ ਇਲਾਵਾਂ ਦਲੇਰ ਸਿੰਘ ਡੋਡ ਕੌਮੀ ਪ੍ਰਧਾਨ ਆਲ ਸਿੱਖ ਸਟੂਡੈਂਟ ਫੈਡਰੇਸ਼ਨ, ਪ੍ਰੋ ਹਿਮਾਸ਼ੂ ਨਾਗਪਾਲ 723 Fdk, ਹਰਵਿੰਦਰ ਸਿੰਘ ਪ੍ਰਧਾਨ ਟੂਰਨਾਮੈਂਟ ਕਮੇਟੀ ਗੋਲੇਵਾਲਾ, ਬਿੰਦਰ ਸਿੰਘ ਪੰਜਾਬ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਗੁਰਮੀਤ ਸਿੰਘ ਸੀਨੀ.ਮੀਤ ਪ੍ਰਧਾਨ ਕਾਦੀਆ, ਆਸਾ ਸ਼ਰਮਾਂ ਡਾਇਰੈਕਟਰ 7"2 ਸਕੂਲ ਫ਼ਰੀਦਕੋਟ, ਡਾਂ.ਬਲਜੀਤ ਕੌਰ ਸਰਮਾਂ, ਪ੍ਰਸਿੱਧ ਸਮਾਜਸੇਵੀ ਜਸਵੰਤ ਸਿੰਘ ਕੁਲ, ਭੁਪਿੰਦਰ ਸਿੰਘ, ਸਮਾਜਸੇਵੀ ਅਸ਼ੋਕ ਭਟਨਾਗਰ, ਪੀ.ਏ ਸਪੀਕਰ ਕੁਲਤਾਰ ਸੰਧਵਾ, ਸੇਵਾਦਾਰ ਘੋਨਾ ਮੰਡਵਾਲਾ, ਹਰਜਿੰਦਰ ਸਿੰਘ, ਮਨੇਜਰ ਨਿਸਾਨ ਸਿੰਘ ਟਿੱਲਾ ਬਾਬਾ ਫ਼ਰੀਦ ਜੀ । ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ, ਮੀਤ ਪ੍ਰਧਾਨ ਗੁਰਦੇਵ ਸਿੰਘ, ਸਲਾਹਕਾਰ ਗੁਰਸੇਵਕ ਸਿੰਘ ਥਾੜਾ , ਸਤਨਾਮ ਸਿੰਘ ਖਜਾਨਚੀ , ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਫ਼ਰੀਦਕੋਟ ,ਸਹਾਇਕ ਪ੍ਰੈਸ ਸਕੱਤਰ ਵਿਸ਼ਾਲ, ਮਨੇਜਰ ਦਲਜੀਤ ਡੱਲੇਵਾਲਾ, ਸਾਬਕਾ ਪ੍ਰਿੰਸਪੀਲ ਡਾਂ. ਪਰਮਿੰਦਰ ਸਿੰਘ ਸਰਕਾਰੀ ਬ੍ਰਜਿੰਦਰਾ ਕਾਲਜ, ਡਾਂ. ਬਲਜੀਤ ਸ਼ਰਮਾ, ਜਰਮਨ ਗੋਲੇਵਾਲਾ, ਗੁਰਪਿੰਦਰ ਗਿੱਲ, ਅਮ੍ਰਿਤ ਮਚਾਕੀ, ਰਣਜੀਤ ਸਿੰਘ ਗੋਲੇਵਾਲਾ, ਹੈਰੀ ਕੋਟਸੁਖੀਆ, ਮੋਹਿਤ ਗਹਿਰਾ, ਹੈਰੀ ਮੁੱਦਕੀ, ਹਰਜੀਤ ਮਾਸਟਰ ,ਸਾਗਰ ਫਿਰੋਜ਼ਪੁਰ , ਜਸ਼ਨ ਬਾਜਾਖਾਨਾ, ਮਨੇਜਰ ਜੱਸੀ ਥਾੜਾ, ਜਸਕਰਨ ਫਿੰਡੇ, ਪਿੰਦਾ ਜਟਾਣਾਂ, ਨਿਰਮਲਜੀਤ ਸਿੰਘ ਸੰਧੂ ਝੋਂਕ ਮੋਹੜੇ ,ਮਨਜੀਤ ਸਿੰਘ ਫਿਰੋਜ਼ਪੁਰ, ਸਤਵਿੰਦਰ ਬੁੱਗਾ, ਜਸਕਰਨ ਫਿੱਡੇ, ਸੁਖਬੀਰ ਫਿਰੋਜ਼ਪੁਰ, ਆਕਾਸ਼ਦੀਪ ਅਬਰੋਲ, ਬਲਵੰਤ ਸਿੰਘ, ਪਾਲਾ ਰੋਮਾਣਾ, ਬਿੱਲਾਂ ਰੋਮਾਣਾ, ਮਨਜੀਤ ਸਿੰਘ ਕਾਹਨ ਸਿੰਘ ਵਾਲਾ, ਗੁਰਸ਼ਰਨ ਖਾਰਾ , ਸੀਰਾ ਥਾੜਾ ਸ਼ਰਮਾ ਫ਼ਰੀਦਕੋਟ, ਇੰਦਰਜੀਤ ਹਰੀਕੇ, ,ਭੋਲੂ ਖਾਰਾ, ਸੀਨੀਅਰ ਸਲਾਹਕਾਰ ਕਾਕਾ ਖ਼ਾਰਾਂ , ਡਾ ਭਲਿੰਦਰ ਸਿੰਘ , ਸਟੋਕ ਮਨੇਜਰ ਸਵਰਾਜ ਸਿੰਘ, ਸਹਿਜ ਸਿੰਘ, ਹਰਪ੍ਰੀਤ ਢਿਲਵਾਂ, ਸ਼ਰਨਾ ਫਰੀਦਕੋਟ, , ਅਰਸ਼ ਕੋਠੇ ਧਾਲੀਵਾਲ, ਲੱਖਾ ਘੁਮਿਆਰਾਂ ,ਹਰਗੁਣ, ਕਾਲਾ ਡੋਡ ,ਹਰਜੀਤ ਸਿੰਘ ਆਦਿ ਹਾਜ਼ਰ ਸਨ। ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫ਼ਰੀਦਕੋਟ ਦੇ ਬਲੱਡ ਬੈਂਕ ਦੀ ਟੀਮ 'ਚ ਡਾਂ.ਅਯੂਸ, ਵਿਜੇਤਾ ਕੌਂਸਲਰ, ਵਿਜੈ ਲੈਬ ਟੈਕਨੀਸ਼ੀਅਨ, ਮਾਨਵੀ ਲੈਬ ਅਟੈਂਡੈਂਟ, ਰਘਬੀਰ ਸਿੰਘ ਨਰਸਿੰਗ ਸਟਾਫ, ਰਵਿੰਦਰ ਨਰਸਿੰਗ ਸਟਾਫ, ਸੁਭਮ ਨਰਸਿੰਗ ਸਟਾਫ, ਭੁਪਿੰਦਰ ਹੈਲਪਰ, ਮਨਪ੍ਰੀਤ ਸਿੰਘ ਮਨੀ ਹੈਲਪਰ।





# ਕੇਜਰੀਵਾਲ ਨੂੰ ਜ਼ਮਾਨਤ ਮਿਲਣ ਨਾਲ ਆਪ ਵਲੰਟੀਅਰਾਂ ਦੇ ਹੌਸਲੇ ਬੁਲੰਦ: ਆਪ ਆਗੂ



ਧੂਰੀ ( ਰਣਜੀਤ ਸਿੰਘ ਪੇਧਨੀ ) ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਜਮਾਨਤ ਮਿਲਣ ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਮਰੀਕ ਸਿੰਘ ਸੋਹੀ ਚੇਅਰਮੈਨ ਵੇਰਕਾ ਮਿਲਟ ਪਲਾਂਟ ਸੰਗਰੂਰ, ਆਪ ਆਗੂ ਜਗਸੀਰ ਸਿੰਘ ਜੱਗਾ ਭੋਜੋਵਾਲੀ, ਆਪ ਆਗੂ ਗੁਰਪ੍ਰੀਤ ਸਿੰਘ ਰੰਗੀਆਂ, ਆਪ ਆਗੂ ਅਵਤਾਰ ਸਿੰਘ ਭਸੌੜ, ਆਪ ਆਗੂ ਗੁਰਮੇਲ ਸਿੰਘ ਬੁਰਜਗੌਹਰਾ ਨੇ ਕਿਹਾ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਈਡੀ ਦਾ ਸਹਾਰਾ ਲੈ ਕੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਤੰਗ ਪਰੇਸ਼ਾਨ ਕਰ ਰਹੀ ਜੋ ਕਿ ਸਰਾਸਰ ਗਲਤ ਹੈ। ਉਹਨਾਂ ਕਿਹਾ ਕਿ ਹਰਿਆਣਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਡੇ ਮਾਰਜਨ ਨਾਲ ਜਿੱਤ ਪ੍ਰਾਪਤ ਕਰਕੇ ਕੇਜਰੀਵਾਲ ਦੀ ਅਗਵਾਹੀ ਹੇਠ ਸਰਕਾਰ ਬਣਾਉਣ ਜਾ ਰਹੀ ਹੈ। ਇਸ ਵਾਰ ਹਰਿਆਣਾ ਦੇ ਲੋਕ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਮੂੰਹ ਨਹੀਂ ਲਾਉਣਗੇ।

# ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਤੇ ਬੱਸ ਕਿਰਾਏ 'ਚ ਕੀਤਾ ਵਾਧਾ ਸਰਕਾਰ ਦਾ ਲੋਕ ਵਿਰੋਧੀ ਫ਼ੈਸਲਾ - ਸਲੇਮਪੁਰ, ਭੁੱਲਰ , ਸੇਰਪੁਰ



ਸੇਰਪੁਰ ( ਰਣਜੀਤ ਸਿੰਘ ਪੇਧਨੀ ) ਆਪ ਸਰਕਾਰ ਵੱਲੋਂ ਸੂਬੇ ਵਿਚ ਪੈਟਰੋਲ ਅਤੇ ਡੀਜ਼ਲ 'ਤੇ ਵੈਟ ਵਧਾਉਣਾ ਅਤੇ ਬੱਸ ਕਿਰਾਏ 'ਚ ਕੀਤਾ ਗਿਆ ਲੋਕ ਵਿਰੋਧੀ ਫੈਸਲਾ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਟਰਾਸਪੋਰਟ ਵਿੰਗ ਪੰਜਾਬ ਦੇ ਪ੍ਰਧਾਨ ਹਰਬੰਸ ਸਿੰਘ ਸਲੇਮਪੁਰ ਮੁਲਾਜ਼ਮ ਵਿੰਗ ਪੰਜਾਬ ਦੇ ਸੂਬਾ ਪ੍ਰਧਾਨ ਵਾਸਬੀਰ ਸਿੰਘ ਭੁੱਲਰ ਅਤੇ ਪਾਰਟੀ ਦੇ ਸੀਨੀਅਰ ਆਗੂ ਮਨਜੀਤ ਸਿੰਘ ਧਾਮੀ ਸੇਰਪੁਰ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਕਾਰਨ ਪੈਟਰੋਲ ਦੀ ਕੀਮਤ ਵਿੱਚ 61 ਪੈਸੇ ਅਤੇ ਡੀਜ਼ਲ ਦੀ ਕੀਮਤ ਵਿੱਚ 92 ਪੈਸੇ ਜਿਸ ਨਾਲ ਸਾਧਾਰਨ ਬੱਸ ਦਾ ਕਿਰਾਇਆ 1.22 ਤੋਂ 1.45 ਰੁਪਏ 'ਤੇ ਲਗਜ਼ਰੀ ਬੱਸਾਂ ਦਾ ਕਿਰਾਇਆ 2.67 ਤੋਂ 2.90 ਰੁਪਏ ਪ੍ਰਤੀ ਕਿਲੋਮੀਟਰ ਕਰਨ ਨਾਲ ਭਾਰੀ ਵਾਧਾ ਹੋਇਆ ਹੈ। ਉਨਾਂ ਕਿਹਾ ਕਿ ਪਿਛਲੇ ਢਾਈ ਸਾਲਾਂ ਵਿੱਚ ਇਹ ਤੀਜੀ ਵਾਰ ਹੈ ਜਦੋਂ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਤੇਲ ਦੀਆਂ ਕੀਮਤਾ ਅਤੇ ਬੱਸ ਕਿਰਾਏ ਵਿੱਚ ਵਾਧਾ ਕੀਤਾ ਹੈ, ਜਿਸ ਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਸਰਕਾਰ ਨੂੰ ਪੰਜਾਬ ਦੇ ਲੋਕਾਂ ਉੱਤੇ ਵਾਧੂ ਬੋਝ ਪਾਉਣ ਦੀ ਬਜਾਏ ਪੰਜਾਬ ਸਰਕਾਰ ਵੱਲੋਂ ਵਾਧੂ ਵਾਧੂ ਇਸ਼ਿਤਹਾਰਾਂ 'ਤੇ ਰੋਕ ਲਗਾ ਕੇ ਇਨਾਂ 'ਤੇ ਖਰਚ ਕੀਤੇ ਜਾਣ ਵਾਲੇ ਪੈਸਿਆਂ ਦੀ ਵਰਤੋਂ ਲੋਕਾਂ ਦੀ ਭਲਾਈ ਕੰਮਾਂ ਲਈ ਕਰਨੀ ਚਾਹੀਦੀ ਹੈ। ਉਨਾਂ ਕਿਹਾ ਕਿ ਪੈਟਰੋਲ-ਡੀਜ਼ਲ ਅਤੇ ਬੱਸ ਕਿਰਾਏ ਵਿੱਚ ਵਾਧਾ ਕਰਨਾ ਲੋਕਾਂ ਦੇ ਨਾਲ ਵੱਡਾ ਧੱਕਾ ਹੈ।

# ਮਾਨ ਸਰਕਾਰ ਵੱਲੋਂ ਫਰਿਸ਼ਤੇ ਸਕੀਮ ਲਿਉਣ ਦਾ ਫੈਸਲਾ ਸਲਾਘਾਯੋਗ ਆਪ ਆਗੂ



ਧੂਰੀ ( ਰਣਜੀਤ ਸਿੰਘ ਪੇਧਨੀ ) ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਆਵਾਜਾਈ ਸੁਧਾਰ ਦੇ ਆਪਣੇ ਮੌਜੂਦਾ ਯਤਨਾਂ ਜਿਵੇਂ ਟਰਾਂਸਪੋਰਟ ਪ੍ਰਸ਼ਾਸਨ ਦੇ ਵੱਖ-ਵੱਖ ਪਹਿਲੂਆਂ ਨੂੰ ਬਿਹਤਰ ਬਣਾਉਣ ਅਤੇ ਸਭ ਨਾਗਰਿਕਾਂ ਲਈ ਸੁਰੱਖਿਅਤ ਸੜਕੀ ਆਵਾਜਾਈ ਯਕੀਨੀ ਬਣਾਉਣ ਸਣੇ ਹੋਰਨਾਂ ਸੂਬਿਆਂ ਵੱਲੋਂ ਅਪਣਾਏ ਜਾਂਦੇ ਜਨਤਕ ਸੁਰੱਖਿਆ ਦੇ ਅਹਿਮ ਮੁੱਦੇ ਨਾਲ ਨਜਿੱਠਣ ਲਈ ਯਤਨਸ਼ੀਲ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਆਗੂ ਅੱਛਰਾ ਸਿੰਘ ਆਸਟਰੇਲੀਆ ਅਤੇ ਕੁਲਵਿੰਦਰ ਸਿੰਘ ਸਿੱਧੂ ਨੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੇਵਾਵਾਂ ਨੂੰ ਸਚਾਰੂ ਬਣਾਉਣ ਅਤੇ ਨਾਗਰਿਕਾਂ ਨੂੰ ਸਰਕਾਰੀ ਸੇਵਾਵਾਂ ਸਚੱਜ ਅਤੇ ਸਖਾਲੇ ਢੰਗ ਨਾਲ ਮੁਹੱਈਆ ਕਰਵਾਉਣ ਨੂੰ ਤਰਜੀਹ ਦੇ ਰਹੀ ਹੈ ਉਨ੍ਹਾਂ ਕਿਹਾ ਕਿ ਸਰਕਾਰ ਨੇ ਸੜਕੀ ਆਵਾਜਾਈ ਵਿੱਚ ਸੁਧਾਰ ਦੀ ਦਿਸ਼ਾ ਵਿੱਚ 14 ਹਾਈ ਟੈਕ ਵਾਹਨਾਂ ਅਤੇ 5000 ਸਮਰਪਿਤ ਜਵਾਨਾਂ ਨਾਲ ਲੈਸ ਸੜਕ ਸੁਰੱਖਿਆ ਫੋਰਸ ਦੀ ਸਥਾਪਨਾ ਕੀਤੀ ਹੈ। ਇਸ ਤੋਂ ਇਲਾਵਾ ਸੜਕ ਹਾਦਸਿਆਂ ਦੇ ਪੀੜਤਾਂ ਦੀਆਂ ਜਾਨਾਂ ਬਚਾਉਣ ਲਈ ਫ਼ਰਿਸ਼ਤੇ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ 450 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ

# ਗੁਰਮਤਿ ਚੇਤਨਾ ਮਾਰਚ ਕੱਢਿਆ ਗਿਆ






**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 13 ਸਤੰਬਰ (ਕੁਲਜੀਤ ਸਿੰਘ ਖੋਖਰ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਪਬਲਿਕ ਸਕੂਲ ਸ੍ਰੀ ਹਰਗੋਬਿੰਦਪੁਰ ਦੇ ਬੱਚਿਆਂ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦੇ 450ਵੇਂ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ 450ਵੇਂ ਗੁਰਿਆਈ ਦਿਵਸ ਨੂੰ ਸਮਰਪਿਤ ਗੁਰਮਤਿ ਚੇਤਨਾ ਮਾਰਚ ਕੱਢਿਆ ਗਿਆ ਇਹ ਗੁਰਮਤਿ ਚੇਤਨਾ ਮਾਰਚ ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਆਰੰਭ ਕੀਤਾ ਗਿਆ ਇਹ ਗੁਰਮਤਿ ਚੇਤਨਾ ਮਾਰਚ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਤੋਂ ਆਰੰਭ ਹੋ ਕੇ ਦਾਨੀ ਦਿਆਲ ਸਿੰਘ ਗੁਰਦੁਆਰਾ ਤੋਂ ਹੋ ਕੇ ਅਤੇ ਸ਼ਹਿਰ ਦੇ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਦਮਦਮਾ ਸਾਹਿਬ ਪੁਹੰਚਿਆ ਇਸ ਗੁਰਮਤਿ ਚੇਤਨਾ ਮਾਰਚ ਵਿੱਚ ਬੱਚਿਆਂ ਵੱਲੋਂ ਸ਼ਬਦ ਕੀਰਤਨ ਅਤੇ ਸਲੋਗਨ ਦਾ ਵੀ ਉਚਾਰਨ ਕੀਤਾ ਗਿਆ ਤਾਂ ਜ਼ੋ ਕੇ ਇਲਾਕ.ਾ ਨਿਵਾਸੀਆਂ ਨੂੰ ਸਿੱਖ ਇਤਿਹਾਸ ਬਾਰੇ ਜਾਣੂ ਕਰਵਾਇਆ ਜਾਵੇ ਇਸ ਗੁਰਮਤਿ ਚੇਤਨਾ ਮਾਰਚ ਵਿੱਚ ਐਸ ਜੀ ਪੀ ਸੀ ਦੇ ਮੈਂਬਰ ਸੁਰਜੀਤ ਸਿੰਘ ਤੁਗਲਵਾਲਾ ਉਚੇਚੇ ਤੌਰ ਤੇ ਸ਼ਾਮਿਲ ਹੋਏ ਜਿਨਾਂ ਨੂੰ ਗੁਰੂ ਸਾਹਿਬ ਜੀ ਦਾ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਪ੍ਰਚਾਰਕ ਸਹਿਬਾਨ ਅਤੇ ਇਲਾਕੇ ਦੇ ਸਮੂਹਿਕ ਪ੍ਰੀਵਾਰਾਂ ਵੱਲੋਂ ਹਾਜ਼ਰੀ ਭਰੀ ਗਈ ਇਹ ਗੁਰਮਤਿ ਚੇਤਨਾ ਮਾਰਚ ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਪੂਰਨ ਸਫਲ ਹੋਇਆ

### ਆਮ ਆਦਮੀ ਕਲੀਨਿਕਾਂ ਵਿਚ

# ਮਰੀਜਾਂ ਦੀ ਗਿਣਤੀ ਵਿਚ ਹੋਇਆ ਵਾਧਾ : ਡਾ ਕਿਰਨਦੀਪ ਕੌਰ



**ਚੌਕ ਮਹਿਤਾ, 13 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-"ਆਮ ਆਦਮੀ ਕਲੀਨਿਕਾਂ ਵਿੱਚ ਮਰੀਜਾਂ ਦੀ ਗਿਣਤੀ ਵਿਚ ਹੋਇਆ ਵਾਧਾ" ਇਹ ਵਿਚਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਵਲੋਂ ਆਮ ਆਦਮੀਂ ਕਲੀਨਿਕਾ ਵਿਚ ਅਚਨਚੇਤ ਚੈਕਿੰਗ ਦੌਰਾਨ ਕਹੇ। ਉਹਨਾਂ ਕਿਹਾ ਕਿ ਪੀ.ਸੀ.ਐਮ.ਐਸ. ਡਾਕਟਰਾਂ ਦੀ ਹੜਤਾਲ ਕਾਰਣ ਆਮ ਆਦਮੀਂ ਕਲੀਨਿਕਾਂ ਵਿਚ ਮਰੀਜਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ, ਉਹਨਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਐਮਰਜੈਂਸੀ, ਗਾਇਨੀਂ ਅਤੇ ਜਰੂਰੀ ਸਵੇਵਾਂ ਨੂੰ ਲਗਾਤਾਰ ਜਾਰੀ ਰਖਿਆ ਜਾ ਰਿਹਾ ਹੈ ਅਤੇ ਸਰਕਾਰ ਪੀ.ਸੀ.ਐਮ.ਐਸ. ਐਸੋਸ਼ਿਏਸ਼ਨ ਦੇ ਮਸਲਿਆਂ ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ਅਤੇ ਜਲਦ ਹੀ ਇਸਦਾ ਸਾਰਥਕ ਹੱਲ ਨਿਕਲਣ ਦੀ ਉਮੀਦ ਹੈ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਵਲੋਂ ਵੱਖ ਸਿਹਤ ਸੰਸਥਾਵਾਂ ਵਿਚ ਅਚਨਚੇਤ ਚੈਕਿੰਗ ਕੀਤੀ ਗਈ, ਜਿਸ ਵਿਚ ਆਮ ਆਦਮੀਂ ਕਲੀਨਿਕ ਛੇਹਰਟਾ, ਆਮ ਆਦਮੀਂ ਕਲੀਨਿਕ ਘੰਨੂਪੁਰ ਕਾਲੇ ਅਤੇ ਅਰਬਨ ਕਮਿਉਨਟੀ ਹੈਲਥ ਸੈਂਟਰ ਨਰਾਇਣਗੜ੍ਹ ਸ਼ਾਮਲ ਹਨ। ਇਸ ਦੌਰਾਣ ਉਹਨਾਂ ਵਲੋਂ ਮਰੀਜਾਂ ਪਾਸੋਂ ਪੁੱਛ-ਗਿੱਛ ਕੀਤੀ ਅਤੇ ਸਿਹਤ ਸੰਸਥਾਵਾਂ ਵਿਚ ਵਿਚ ਤੈਨਾਤ ਸਟਾਫ ਦੀ ਹਾਜਰੀ ਚੈਕ ਕੀਤੀ।ਇਸਦੇ ਨਾਲ ਹੀ ਜਰੂਰੀ ਦਵਾਈਆਂ ਅਤੇ ਐਮਰਜੈਂਸੀ ਸੇਵਾਵਾਂ ਦੇ ਪ੍ਰਬੰਧਾ ਦਾ ਵੀ ਜਾਇਜਾ ਲਿਆ ਗਿਆ। ਇਸ ਤੋਂ ਬਾਦ ਉਹਨਾਂ ਵਲੋਂ ਲੇਬਰ-ਰੂਮ ਅਤੇ ਗਾਇਨੀ ਵਾਰਡ ਵਿਚ ਵੀ ਚੈਕਿੰਗ ਕੀਤੀ ਅਤੇ ਸਮੂਹ ਸਟਾਫ ਨੂੰ ਸਮੇਂ ਦੇ ਪਾਬੰਦ ਰਹਿਣ, ਸਾਫ ਸਫਾਈ ਦਾ ਧਿਆਨ ਰੱਖਣ, ਮਰੀਜਾਂ ਨਾਲ ਚੰਗਾ ਵਿਵਹਾਰ ਕਰਨ ਅਤੇ ਸੇਵਾ ਭਾਵ ਨਾਲ ਕੰਮ ਕਰਨ ਲਈ ਕਿਹਾ। ਇਸ ਮੌਕੇ ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ ਵੀ ਹਾਜਰ ਸਨ।

# ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ 450 ਸਾਲਾ ਪੁਰਬ ਨੂੰ ਸਮਰਪਿਤ ਲੋਹ ਲੰਗਰ ਪੜਾਅ ਤੇ ਪਹਿਲੇ ਪੜਾਅ ਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਆਰੰਭਤਾ 14 ਨੂੰ



ਜੰਡਿਆਲਾ ਗੁਰੂ 13 ਸਤੰਬਰ ( ਕੁਲਵੰਤ ਸਿੰਘ ਵਿਰਦੀ )ਲੋਹ ਲੰਗਰ ਗੁਰੂ ਅਮਰਦਾਸ ਜੀ ਸੇਵਾ ਸੁਸਾਇਟੀ ਵੈਰੋਵਾਲ ਰੋਡ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ 'ਤੇ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ 450 ਸਾਲਾ ਪੁਰਬ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਹਿਲੇ ਪੜਾਅ ਚ 14 ਸਤੰਬਰ ਦਿਨ ਸ਼ਨੀਵਾਰ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ ਅਤੇ 16 ਸਤੰਬਰ ਦਿਨ ਸੋਮਵਾਰ ਨੂੰ ਭੋਗ ਪਾਏ ਜਾਣਗੇ ਅਤੇ ਭੋਗ ਤੋਂ ਉਪਰੰਤ 16 ਸਤੰਬਰ ਨੂੰ ਦੂਜੇ ਪੜਾਅ ਚ ਸ੍ਰੀ ਆਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ ਅਤੇ 18 ਸਤੰਬਰ ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਮਿਤੀ 17 ਸਤੰਬਰ ਦਿਨ ਮੰਗਲਵਾਰ ਨੂੰ ਸੰਗੀਤ ਫਹਿਤ ਅਕੈਡਮੀ ਜੰਡਿਆਲਾ ਗੁਰੂ ਦੇ ਮੁੱਖ ਸੰਚਾਲਕ ਬਾਬਾ ਹਰੀ ਸਿੰਘ ਵੱਲੋਂ ਵਿਸਾਲ ਨਗਰ ਕੀਰਤਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ ਨਗਰ ਕੀਰਤਨ ਸੰਗੀਤ ਫਹਿਤ ਅਕੈਡਮੀ ਤੋਂ ਅਰੰਭ ਹੋ ਕੇ ਸ਼ੇਖ਼ਫੱਤਾ ਗੇਟ ,ਜਾਣੀਆਂ ਹਸਪਤਾਲ , ਹੁੰਦਾ ਹੋਇਆ ਪਟੇਲ ਨਗਰ, ਅਜੀਤ ਸਿੰਘ ਮਲਹੋਤਰਾ ਫੈਕਟਰੀ, ਠਠਿਆਰਾਂ ਵਾਲਾ ਬਜਾਰ ,ਸਿੰਘ ਸਭਾ ਗੁਰਦੁਆਰਾ ਸਾਹਿਬ ਭਾਈ ਘਨ੍ਹਈਆ ਜੀ ਸ਼ੇਖ਼ਫੱਤਾ ਗੇਟ,ਤੋਂ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਤੋਂ ਲੋਹ ਲੰਗਰ ਸ੍ਰੀ ਗੁਰੂ ਅਮਰਦਾਸ ਜੀ ਤੋਂ ਵਾਪਸੀ ਸ਼ਾਮ ਨੂੰ ਗੁਰਦੁਆਰਾ ਸੰਗੀਤ ਫਹਿਤ ਅਕੈਡਮੀ ਵਿਖੇ ਸਮਾਪਤ ਹੋਵੇਗਾ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਲੋਹ ਲੰਗਰ ਗੁਰੂ ਅਮਰਦਾਸ ਜੀ ਵਿਖੇ ਕੀਰਤਨ ਦਰਬਾਰ ਕਰਵਾਇਆ ਜਾਵੇਗਾ ਇਸ ਸਮਾਗਮ ਵਿੱਚ ਹਜ਼ੂਰੀ ਰਾਗੀ ਭਾਈ ਹਰੀ ਸਿੰਘ ਜੀ ਅਤੇ ਸ਼੍ਰੋਮਣੀ ਪ੍ਰਚਾਰਕ ਗਿਆਨੀ ਹਰਪ੍ਰੀਤ ਸਿੰਘ ਜੀ ਜੰਡਿਆਲਾ ਗੁਰੂ ਵਾਲਿਆਂ ਵੱਲੋਂ ਸੰਗਤਾਂ ਨੂੰ ਕੀਰਤਨ ਕਥਾ ਵਿਚਾਰਾਂ ਨਾਲ ਸਾਂਝ ਪਾਉਣਗੇ 14 ਸਤੰਬਰ ਤੋ ਲੈ ਕੇ 19 ਸਤੰਬਰ ਤੱਕ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਸ਼੍ਰੀ ਗੋਇੰਦਵਾਲ ਸਾਹਿਬ ਜੀ ਦਰਸ਼ਨ ਕਰਨ ਜਾ ਰਹੀਆਂ ਸੰਗਤਾਂ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਇਸ ਮੌਕੇ ਤੇ ਬਾਬਾ ਬਲਵਿੰਦਰ ਸਿੰਘ ਜੀ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ ਭੁੱਲਰ, ਬਚਿੱਤਰ ਸਿੰਘ, ਬਾਬਾ ਸੁੱਚਾ ਸਿੰਘ ਜਾਣੀਆਂ, ਬਾਬਾ ਜੱਸਾ ਸਿੰਘ ਜਾਣੀਆਂ, ਕੰਵਲਜੀਤ ਸਿੰਘ, ਠੇਕੇਦਾਰ ਗੁਰਚਰਨ ਸਿੰਘ, ਰਮੇਸ ਕੁਮਾਰ ਬੱਤਰਾ,ਸੇਵਕ ਸਿੰਘ, ਅਵਤਾਰ ਸਿੰਘ ਬੂਟਾ, ਆਦਿ ਹਾਜ਼ਰ ਸਨ 9

# ਦਿ ਸਿੱਖ ਹੋਪ ਚੈਰੀਟੇਬਲ ਟਰੱਸਟ ਵਲੋ 25 ਸਤੰਬਰ ਨੂੰ ਕਰਵਾਇਆ ਜਾਵੇਗਾ ਮਹਾਨ ਗੁਰਮਤਿ ਸਮਾਗਮ



**ਚੌਕ ਮਹਿਤਾ, 13 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ (ਸੋਨ ਚਿੜੀ) ਦੀ ਮਿੱਠੀ ਯਾਦ ਨੂੰ ਸਮਰਪਿਤ ਦ ਸਿੱਖ ਹੋਪ ਚੈਰੀਟੇਬਲ ਟਰੱਸਟ ਵੱਲੋਂ ਮਹਾਨ ਗੁਰਮਤਿ ਸਮਾਗਮ ਅਤੇ ਵਿਸ਼ੇਸ਼ ਸਨਮਾਨ ਸਮਾਰੋਹ ਗੁਰਦੁਆਰਾ ਕਲਗੀਧਰ ਸਿੰਘ ਸਭਾ, ਫੇਜ਼ 4, ਮੋਹਾਲੀ ਵਿਖੇ 25 ਸਤੰਬਰ ਦਿਨ ਬੁੱਧਵਾਰ ਸ਼ਾਮ 6 ਵਜੇ ਤੋਂ ਰਾਤ 9 ਕਰਵਾਇਆ ਜਾਵੇਗਾ ਜਾਣਕਾਰੀ ਦਿੰਦਿਆ ਸ੍ਰ ਡੀ ਪੀ ਸਿੰਘ ਸਾਬਕਾ ਸੀ ਈ ਓ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ,ਸਾਬਕਾ ਸੀ ਈ ਓ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,ਸਾਬਕਾ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ, ਦ ਸਿੱਖ ਹੋਪ ਚੈਰੀਟੇਬਲ ਟਰੱਸਟ ਮੀਤ ਪ੍ਰਧਾਨ,ਤੇਰਾ ਹੀ ਤੇਰਾ ਮੈਡੀਕੋਜ਼ ਇੰਚਾਰਜ ਚੰਡੀਗੜ੍ਹ ਨੇ ਦੱਸਿਆ ਕਿ ਪਾਠ ਰਹਰਾਸਿ ਸਾਹਿਬ ਸ਼ਾਮ 6 ਤੋ 6.30ਵਜੇ,ਕੀਰਤਨ, ਸਿੱਖ ਹੋਪ ਚੈਰੀਟੇਬਲ ਟਰੱਸਟ ਅਤੇ ਅਖੰਡ ਕੀਰਤਨੀ ਜੱਥਾ ਸ਼ਾਮ6.30 ਤੋ 7.45ਵਜੇ ਤੱਕ,ਵਿਸ਼ੇਸ਼ ਸਨਮਾਨ ਸਮਾਰੋਹ ਸ਼ਾਮ 7.45 ਤੋਂ 8 ਵਜੇ ਤੱਕ ,ਕੀਰਤਨ ਭਾਈ ਮਨਪ੍ਰੀਤ ਸਿੰਘ ਜੀ, ਕਾਨਪੁਰੀ ਰਾਤ 8 ਤੋ 9 ਵਜੇ ਤੱਕ ਉਪਰੰਤ ਅਰਦਾਸ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਇਸ ਮੌਕੇ ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ ਦੇ 8ਵੀਂ (ਬੋਰਡ ਕਲਾਸ) ਅਤੇ 10ਵੀਂ ਜਮਾਤ ਵਿੱਚੋਂ 95 ਪ੍ਰਤੀਸ਼ਤ ਤੋਂ ਵੱਧ ਨੰਬਰ ਲੈਣ ਵਾਲ਼ੇ ਗੁਰਸਿੱਖ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ। ਵਿਦਿਆਰਥੀ ਆਪਣਾ ਨਾਂ ਰਜਿਸਟਰ ਕਰਵਾ ਸਕਦੇ ਹਨ ਜੀ।

# ਸਰਕਾਰ ਤੁਹਾਡੇ ਦੁਆਰ' ਕੈਪਾਂ ਰਾਹੀਂ ਲੋਕ ਸਹੂਲਤਾਂ ਪ੍ਰਾਪਤ ਕਰਕੇ ਪੂਰਾ ਲਾਭ ਲੈ ਰਹੇ ਹਨ :ਆਪ ਆਗੂ



| | | | | | |
|---|---|---|---|---|---|
| ਖਾਲਿਦ ਖਾਨ ਦੁਗਨੀ ਆਪ ਆਗੂ | ਡਾਕਟਰ ਅਮਨ ਜਾਤੀਮਾਜਰਾ ਆਪ ਆਗੂ | ਜਾਵੇਦ ਖਾਨ ਆਪ ਆਗੂ | ਮੁਮਤਾਜ ਪੰਚ ਆਪ ਆਗੂ | ਆਰਫ ਸਟੀਲ ਮਿਸਤਰੀ ਆਪ ਆਗੂ | ਤਾਰਕ ਖਾਨ ਆਪ ਆਗੂ |

**ਧੂਰੀ, ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਵਾਲੀ ਸਰਕਾਰ ਦੇ ਚਲਾਏ ਪ੍ਰੋਗਰਾਮ 'ਸਰਕਾਰ ਤੁਹਾਡੇ ਦੁਆਰ' ਨੂੰ ਲੋਕਾਂ ਵਲੋਂ ਹਾਂ ਪੱਖੀ ਹੁੰਗਾਰਾ ਮਿਲ ਰਿਹਾ ਹੈ ਅਤੇ ਪੰਜਾਬ ਵਾਸੀ ਇਸ ਸਹੂਲਤ ਦਾ ਖੂਬ ਲਾਹਾ ਲੈ ਰਹੇ ਹਨ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਘੱਟ ਗਿਣਤੀਆਂ ਦੇ ਹਲਕਾ ਕੋਆਰਡੀਨੇਟਰ ਖਾਲਿਦ ਖਾਨ ਦੁਗਨੀ, ਆਪ ਆਗੂ ਡਾਕਟਰ ਅਮਨ ਜਾਤੀਮਾਜਰਾ, ਆਪ ਆਗੂ ਜਾਵੇਦ ਖਾਨ , ਆਪ ਆਗੂ ਮੁਮਤਾਜ ਪੰਚ, ਆਪ ਆਗੂ ਆਰਫ ਸਟੀਲ ਮਿਸਤਰੀ , ਆਪ ਆਗੂ ਤਾਰਕ ਖਾਨ ਨੇ ਕੀਤਾ। ਆਗੂਆਂ ਨੇ ਕਿਹਾ ਕਿ ਇਸ ਵਿਸ਼ੇਸ਼ ਕੈਪਾਂ ਦੌਰਾਨ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਰਕਾਰੀ ਅਧਿਕਾਰੀਆਂ ਵੱਲੋਂ ਲਾਭਪਾਤਰੀਆਂ ਵਲੋਂ ਦਿੱਤੀਆਂ ਜਾ ਰਹੀਆਂ ਅਰਜੀਆਂ ਨੂੰ ਤੁਰੰਤ ਪ੍ਰਵਾਨਗੀ ਦੇ ਕੇ ਹੱਲ ਕੀਤਾ ਜਾ ਰਿਹਾ ਹੈ ਅਤੇ ਇਸ ਮੁਹਿੰਮ ਦੀ ਉਨ੍ਹਾਂ ਸ਼ਲਾਘਾ ਕੀਤੀ ਜਾ ਰਹੀ ਹੈ । ਆਗੂਆਂ ਨੇ ਕਿਹਾ ਕਿ ਅਧਿਕਾਰੀਆਂ ਵਲੋਂ ਲੋਕਾਂ ਦੀਆਂ ਮੁਸ਼ਕਲਾਂ ਅਤੇ ਸਮੱਸਿਆ ਨੂੰ ਬੜੇ ਹੀ ਧਿਆਨ ਨਾਲ ਸੁਣਿਆ ਜਾਂਦਾ ਹੈ ਅਤੇ ਉਸ ਦਾ ਹੱਲ ਵੀ ਕੀਤਾ ਜਾ ਰਿਹਾ ਹੈ । ਇਸ ਤਰ੍ਹਾਂ ਹੁਣ ਪੰਜਾਬ ਦੇ ਲੋਕਾਂ ਨੂੰ ਆਪਣੇ ਕੰਮਾਂ ਦੇ ਨਿਪਟਾਰੇ ਲਈ ਸਰਕਾਰੀ ਦਫਤਰਾਂ ਦੇ ਚੱਕਰ ਨਹੀਂ ਕੱਟਣੇ ਪੈਂਦੇ ਅਤੇ ਖੱਜਲ ਖੁਆਰੀ ਤੋਂ ਵੀ ਨਿਜਾਤ ਮਿਲੀ ਹੈ ।ਸਰਕਾਰੀ ਅਧਿਕਾਰੀ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕੈਂਪ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਰਹੇ ਹਨ । ਆਗੂਆਂ ਨੇ ਕਿਹਾ ਕਿ ਚੋਣਾਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਵਲੋਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਇੱਕ- ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ ਅਤੇ ਹੋਰ ਵੀ ਨਵੀਆਂ- ਨਵੀਆਂ ਸਕੀਮਾਂ ਲਿਆ ਕੇ ਪੰਜਾਬ ਵਾਸੀਆਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

### 450 ਸਾਲਾ ਸ਼ਤਾਬਦੀ ਦੇ ਸਬੰਧ ਵਿਚ

# ਸੁਰਸਿੰਘ ਤੋਂ ਸ੍ਰੀ ਗੋਇੰਦਵਾਲ ਸਾਹਿਬ ਤੱਕ ਸਜਾਇਆ ਨਗਰ ਕੀਰਤਨ



**ਨਵੀਂ ਦਿੱਲੀ, 13 ਸਤੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਹਾੜੇ ਦੀ 450 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਇਕ ਵਿਸ਼ਾਲ ਨਗਰ ਕੀਰਤਨ ਸੁਰਸਿੰਘ ਤੋਂ ਸ੍ਰੀ ਗੋਇੰਦਵਾਲ ਸਾਹਿਬ ਤੱਕ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਖ਼ਾਲਸਈ ਜਾਹੋ-ਜਲਾਲ ਨਾਲ ਸਜਾਏ ਗਏ ਇਸ ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿਚ ਸੰਗਤ ਨੇ ਸ਼ਮੂਲੀਅਤ ਕੀਤੀ ਅਤੇ ਗਤਕਾ ਪਾਰਟੀਆਂ ਵੱਲੋਂ ਜੰਗਜੂ ਕਲਾ ਦੇ ਜੌਹਰ ਦਿਖਾਏ ਗਏ। ਨਗਰ ਕੀਰਤਨ ਦੌਰਾਨ ਹਾਥੀ, ਘੋੜੇ ਵੱਡੀ ਗਿਣਤੀ ਵਿਚ ਸ਼ਾਮਲ ਸਨ। ਆਰੰਭਤਾ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜਾਇਬ ਸਿੰਘ ਅਭਿਆਸੀ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਬਾਬਾ ਜੋਗਾ ਸਿੰਘ ਮੁੱਖੀ ਤਰਨਾ ਦਲ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਧੱਤਲ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸਾਬਕਾ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਆਦਿ ਮੌਜੂਦ ਸਨ। ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ਼ਤਾਬਦੀ ਦੇ ਸਬੰਧ ਵਿਚ ਵੱਖ-ਵੱਖ ਥਾਵਾਂ ''ਤੇ ਆਯੋਜਤ ਕੀਤੇ ਜਾ ਰਹੇ ਸਮਾਗਮ ਸਿੱਖੀ ਦੀ ਚੜ੍ਹਦੀ ਕਲਾ ਦਾ ਪ੍ਰਗਟਾ ਹਨ। ਉਨ੍ਹਾਂ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਦੀ ਦੇਖਰੇਖ ਹੇਠ ਸਜਾਏ ਗਏ ਨਗਰ ਕੀਰਤਨ ਨੂੰ ਇਤਿਹਾਸਕ ਕਿਹਾ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਖ਼ਾਲਸਾ ਪੰਥ ਦੇ ਨਗਰ ਕੀਰਤਨ ਕੌਮੀ ਜਾਹੋ ਜਲਾਲ ਪ੍ਰਗਟਾ ਹਨ। ਉਨ੍ਹਾਂ ਆਖਿਆ ਕਿ ਸਾਡੇ ਜੀਵਨ ਕਾਲ 'ਚ ਗੁਰੂ ਸਾਹਿਬਾਨ ਨਾਲ ਸਬੰਧਤ ਸ਼ਤਾਬਦੀ ਦਿਹਾੜੇ ਆਉਣੇ ਸਾਡੀ ਖ਼ੁਸ਼ਿਕਸਮਤੀ ਹੈ। ਉਨ੍ਹਾਂ ਸੰਗਤ ਨੂੰ ਸ਼ਤਾਬਦੀ ਦੇ ਸਮਾਗਮਾਂ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

### ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਉਤੇ ਮੈਨੂੰ ਬੜਾ ਮਾਣ ਹੈ ਤੇ

# ਉਹ ਮੇਰੇ ਪੁੱਤਰ ਸਮਾਨ ਹੈ : ਬੇਅੰਤ ਸਿੰਘ ਖਿਆਲਾ (ਭਰਾਤਾ ਸ਼ਹੀਦ ਜਨਰਲ ਸ਼ਾਬੇਗ ਸਿੰਘ)





**ਅੰਮ੍ਰਿਤਸਰ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਜੂਨ 1984 ਦੇ ਘੱਲੂਘਾਰੇ ਵਿੱਚ ਭਾਰਤੀ ਫ਼ੌਜਾਂ ਨੂੰ ਲੋਹੇ ਦੇ ਚਣੇ ਚਬਾਉਣ ਵਾਲੇ, ਜੰਗੀ ਵਿਉਂਤਬੰਦੀ ਦੇ ਮਾਹਰ ਜੁਝਾਰੂ ਜਰਨੈਲ, ਅਮਰ ਸ਼ਹੀਦ ਮੇਜਰ ਜਨਰਲ ਸ਼ਾਬੇਗ ਸਿੰਘ ਜੀ ਦੇ ਭਰਾਤਾ ਸਰਦਾਰ ਬੇਅੰਤ ਸਿੰਘ ਖ਼ਿਆਲਾ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਭਾਈ ਰਣਜੀਤ ਸਿੰਘ ਨੇ ਸ. ਬੇਅੰਤ ਸਿੰਘ ਨਾਲ ਪੰਥਕ ਵਿਚਾਰਾਂ ਦੀ ਸਾਂਝ ਪਾਈ ਅਤੇ ਤੇ ਉਹਨਾਂ ਨੂੰ ਤਵਾਰੀਖ ਸ਼ਹੀਦ ਏ ਖਾਲਿਸਤਾਨ (ਭਾਗ ਪਹਿਲਾ, ਦੂਜਾ, ਅਤੇ ਤੀਜਾ) ਕਿਤਾਬਾਂ ਪਿਆਰ ਅਤੇ ਸਤਿਕਾਰ ਸਹਿਤ ਭੇਟ ਕੀਤੀਆਂ। ਸ. ਬੇਅੰਤ ਸਿੰਘ ਖਿਆਲਾ ਨੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੂੰ ਮੇਜਰ ਜਨਰਲ ਸ਼ਾਬੇਗ ਸਿੰਘ ਦੇ ਸਿਮਰਨਾ ਅਤੇ ਸ੍ਰੀ ਸਾਹਿਬ ਦੇ ਦਰਸ਼ਨ ਵੀ ਕਰਵਾਏ।

ਸ਼ਹੀਦ ਜਨਰਲ ਸ਼ਾਬੇਗ ਸਿੰਘ ਦੇ ਭਰਾਤਾ ਸ. ਬੇਅੰਤ ਸਿੰਘ ਖਿਆਲਾ ਨੇ ਕਿਹਾ ਕਿ ਮੈਨੂੰ ਜੁਝਾਰੂ ਸਿੱਖ ਨੌਜਵਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਉੱਤੇ ਬੜਾ ਮਾਣ ਹੈ, ਜਿਸ ਨੇ ਛੋਟੀ ਉਮਰੇ ਹੀ ਖ਼ਾਲਸਾ ਪੰਥ ਅਤੇ ਕੌਮੀ ਸ਼ਹੀਦਾਂ ਦਾ ਮਾਣਮੱਤਾ ਇਤਿਹਾਸ ਸੰਗਤਾਂ ਦੀ ਝੋਲੀ ਪਾਇਆ ਹੈ। ਉਹਨਾਂ ਕਿਹਾ ਕਿ ਮੈਂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੂੰ ਅਸਲੀ ਟਕਸਾਲੀ ਸਿੰਘ ਮੰਨਦਾ ਹਾਂ, ਕਿਉਂਕਿ ਭਾਈ ਰਣਜੀਤ ਸਿੰਘ ਨੇ ਦਮਦਮੀ ਟਕਸਾਲ ਦੀ ਸ਼ਾਨ, ਸਿਧਾਂਤਾਂ ਪ੍ਰੰਪਰਾਵਾਂ ਨੂੰ ਹਮੇਸ਼ਾਂ ਕਾਇਮ ਰੱਖਿਆ ਤੇ ਉੱਚਾ ਚੁੱਕਿਆ ਹੈ। ਭਾਈ ਰਣਜੀਤ ਸਿੰਘ ਕੌਮੀ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਪਹਿਰਾ ਦੇ ਰਿਹਾ ਹੈ ਤੇ ਉਹ ਸ਼ਹੀਦਾਂ ਦੇ ਨਿਸ਼ਾਨੇ ਖ਼ਾਲਿਸਤਾਨ ਨੂੰ ਸਰ ਕਰਨ ਲਈ ਯਤਨਸ਼ੀਲ ਹੈ ਅਤੇ ਪੰਥ ਦੋਖੀ ਬਾਦਲਕਿਆਂ ਵਿਰੁੱਧ ਵੀ ਖੁੱਲ੍ਹ ਕੇ ਲਿਖਦਾ ਬੋਲਦਾ ਹੈ। ਉਹਨਾਂ ਕਿਹਾ ਕਿ ਭਾਈ ਰਣਜੀਤ ਸਿੰਘ ਮੇਰੇ ਪੁੱਤਰ ਸਮਾਨ ਹੈ, ਇਸ ਨੌਜਵਾਨ ਨੂੰ ਸਿੱਖੀ ਪ੍ਰਚਾਰ ਅਤੇ ਪੰਥਕ ਸੇਵਾਵਾਂ ਵਿੱਚ ਸਰਗਰਮ ਦੇਖ ਕੇ ਮੈਨੂੰ ਬੇਹੱਦ ਖ਼ੁਸ਼ੀ ਹੁੰਦੀ ਹੈ, ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦਾ ਸਾਥ ਦੇਣਾ ਚਾਹੀਦਾ ਹੈ। ਸ. ਬੇਅੰਤ ਸਿੰਘ ਖਿਆਲਾ ਨੇ ਆਖਿਆ ਕਿ ਤਵਾਰੀਖ਼ ਸ਼ਹੀਦ ਏ ਖਾਲਿਸਤਾਨ (ਭਾਗ ਪਹਿਲਾ) ਕਿਤਾਬ ਵਿੱਚ ਸ਼ਹੀਦ ਜਨਰਲ ਸ਼ਾਬੇਗ ਸਿੰਘ ਦੀ ਜੀਵਨੀ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਬਿਲਕੁਲ ਸਹੀ, ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਲਿਖਤ ਵਿੱਚ ਬਿਆਨੀ ਗਈ ਹੈ। ਇਸ ਕਿਤਾਬ 'ਚ ਇਹ ਵੀ ਬਿਲਕੁਲ ਠੀਕ ਲਿਖਿਆ ਹੈ ਕਿ ਜਨਰਲ ਸੁਬੇਗ ਸਿੰਘ ਦਾ ਅਸਲ ਅਤੇ ਸਹੀ ਨਾਮ ਸ਼ਹੀਦ ਮੇਜਰ ਜਨਰਲ ਸ਼ਾਬੇਗ ਸਿੰਘ ਸੀ। ਉਹਨਾਂ ਕਿਹਾ ਕਿ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਬਾਬਾ ਦੀਪ ਸਿੰਘ ਜੀ ਅਤੇ ਚੌਦ੍ਹਵੇਂ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਅਨੇਕਾਂ ਸਿੰਘਾਂ ਨੇ ਸਮੇਂ-ਸਮੇਂ ਤੇ ਸ਼ਾਨਾਮੱਤਾ ਇਤਿਹਾਸ ਸਿਰਜਿਆ, ਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਇਸ ਜੰਗੀ ਇਤਿਹਾਸ ਨੂੰ ਕਲਮਬੰਦ ਕਰਕੇ ਮਹਾਨ ਉਪਰਾਲਾ ਕਰ ਰਿਹਾ ਹੈ ਜਿਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਉਹ ਘੱਟ ਹੈ।

# ਭਾਈ ਸਾਹਿਬ ਭਾਈ ਸ਼ਮਸ਼ੇਰ ਸਿੰਘ ਜੀ ਨਗਰ ਕਮਰਪੁਰਾਂ ਦਾ ਟਕਸਾਲ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਨਮਾਨ



ਬੇਅੰਤ ਸਿੰਘ ਹੱਤਿਆ ਕੇਸ 'ਚ ਜਮਾਨਤ 'ਤੇ ਜੇਲ੍ਹ ਚੋਂ ਬਾਹਰ ਆਏ ਭਾਈ ਸਾਹਿਬ ਭਾਈ ਸ਼ਮਸ਼ੇਰ ਸਿੰਘ ਜੀ ਨਗਰ ਕਮਰਪੁਰਾਂ ਤਹਿ: ਰਾਜਪੁਰਾ ਦਾ ਸਨਮਾਨ ਕਰਦੇ ਹੋਏ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ। (ਫੋਟੋ ਤੇ ਵੇਰਵਾ : ਆਵਾਜ਼ਿ ਕੌਮ ਬਿਊਰ)

# ਦੀਪਸ਼ਿਖਾ ਸ਼ਰਮਾ ਨੇ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਵਜੋਂ ਅਹੁਦਾ ਸੰਭਾਲਿਆ



**ਫ਼ਿਰੋਜ਼ਪੁਰ, 13 ਸਤੰਬਰ (ਸੁਖਮੰਦਰ ਸਿੰਘ ਸ਼ਾਤ)**-ਪੰਜਾਬ ਸਰਕਾਰ ਵੱਲੋਂ ਕੀਤੇ ਗਏ ਤਬਾਦਲਿਆਂ ਤਹਿਤ ਦੀਪਸ਼ਿਖਾ ਸ਼ਰਮਾ ਆਈ.ਏ.ਐਸ. ਨੂੰ ਜ਼ਿਲ੍ਹਾ ਫ਼ਿਰੋਜ਼ਪੁਰ ਦਾ ਡਿਪਟੀ ਕਮਿਸ਼ਨਰ ਲਗਾਇਆ ਗਿਆ ਹੈ। ਉਨ੍ਹਾਂ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ ਹੈ। ਦੱਸਣਯੋਗ ਹੈ ਕਿ ਦੀਪਸ਼ਿਖਾ ਸ਼ਰਮਾ 2015 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ। ਆਪਣਾ ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਤਰਜ਼ੀਹੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤੱਕ ਲਿਜਾ ਕੇ ਹਰੇਕ ਯੋਗ ਵਿਅਕਤੀ ਨੂੰ ਉਨ੍ਹਾਂ ਦਾ ਲਾਭ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਪ੍ਰਾਥਮਿਕਤਾ ਰਹੇਗੀ। ਸਰਕਾਰੀ ਕੰਮਾਂ ਕਾਰਾਂ ਵਿਚ ਪਾਰਦਰਸ਼ਤਾ, ਨਿਰੰਤਰਤਾ ਅਤੇ ਤੇਜ਼ੀ ਲਿਆਉਣ ਦੇ ਨਾਲ-ਨਾਲ ਜ਼ਿਲ੍ਹਾ ਵਾਸੀਆਂ ਨੂੰ ਵਧੀਆ ਪ੍ਰਸ਼ਾਸਕੀ ਸੇਵਾਵਾਂ ਦੇਣਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਜ਼ਿਲ੍ਹੇ ਦੇ ਵਿਕਾਸ ਅਤੇ ਹੋਰ ਕਾਰਜਾਂ ਵਿਚ ਜ਼ਿਲ੍ਹਾ ਪ੍ਰਸ਼ਾਸ਼ਨ ਦਾ ਸਹਿਯੋਗ ਕਰਨ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਜਨ ਹਿੱਤ ਸੇਵਾਵਾਂ ਨੂੰ ਪਹਿਲ ਦਿੱਤੀ ਜਾਵੇ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਫ਼ਿਰੋਜ਼ਪੁਰ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨ ਡਾ. ਨਿਧੀ ਕੁਮੁਦ ਬਾਮਬਾ, ਐਸ.ਡੀ.ਐਮ. ਫ਼ਿਰੋਜ਼ਪੁਰ ਹਰਕੰਵਲਜੀਤ ਸਿੰਘ, ਐਸ.ਡੀ.ਐਮ. ਜੀਰਾ ਗੁਰਮੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਮਿਲਣ 'ਤੇ ਕੈਬਨਿਟ ਮੰਤਰੀ ਪੰਜਾਬ ਨੇ ਪਾਰਟੀ ਵਰਕਰਾਂ ਨਾਲ ਲੱਡੂ ਵੰਡ ਕੇ ਕੀਤੀ ਖ਼ੁਸ਼ੀ ਜ਼ਾਹਿਰ



**ਪਠਾਨਕੋਟ, 13 ਸਤੰਬਰ ( ਆਵਾਜ਼ਿ ਕੌਮ ਬਿਊਰੋ)**-ਅਰਵਿੰਦ ਕੇਜਰੀਵਾਲ ਜੀ ਨੂੰ ਅੱਜ ਮਾਨਯੋਗ ਸੁਪਰੀਮ ਕੋਰਟ ਵੱਲੋਂ ਜਮਾਨਤ ਮਿਲੀ ਹੈ ਅੱਜ ਸਭ ਤੋਂ ਪਹਿਲਾ ਅਸੀਂ ਸੁਪਰੀਮ ਕੋਰਟ ਦਾ ਧੰਨਵਾਦ ਕਰਦੇ ਹਾਂ ਕਿਉਕਿ ਇਹ ਸਿੱਧ ਹੋ ਗਿਆ ਹੈ ਕਿ ਦੇਸ ਅੰਦਰ ਕਾਨੂੰਨ ਅਤੇ ਸਵਿਧਾਨ ਤੋਂ ਉਪਰੋ ਕੋਈ ਨਹੀਂ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਜਸਵਾਲੀ ਰੇਸਟ ਹਾਊਸ ਵਿਖੇ ਇੱਕ ਪ੍ਰੈਸ ਕਾਨਫਰੰਸ ਦੋਰਾਨ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਬੀ.ਸੀ. ਵਿੰਗ ਦੇ ਜਿਲ੍ਹਾ ਪ੍ਰਧਾਨ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਕੁਲਦੀਪ ਭਟਵਾਂ ਬਲਾਕ ਪ੍ਰਧਾਨ, ਸੈਲੀ ਸਰਮਾ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਨਿਸਾ ਸੈਣੀ ਬਲਾਕ ਪ੍ਰਧਾਨ, ਭੁਪਿੰਦਰ ਸਿੰਘ, ਰਜਿੰਦਰ ਭਿੱਲਾ ਬਲਾਕ ਪ੍ਰਧਾਨ ਅਤੇ ਹੋਰ ਬਲਾਕ ਪ੍ਰਧਾਨਾਂ ਤੋਂ ਇਲਾਵਾ ਪਾਰਟੀ ਵਰਕਰ ਵੀ ਹਾਜਰ ਸਨ। ਜਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਅੱਜ ਸੁਪਰੀਮ ਕੋਰਟ ਵੱਲੋਂ ਜਮਾਨਤ ਮਿਲੀ ਹੈ ਜਿਸ ਦੀ ਖੁਸੀ ਵਿੱਚ ਆਮ ਆਦਮੀ ਪਾਰਟੀ ਵਰਕਰਾਂ ਨੇ ਲੱਡੂ ਵੰਡ ਕੇ ਮੂੰਹ ਮਿੱਠਾ ਕਰਵਾਇਆ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਦੇਸ ਅੰਦਰ ਕਾਨੂੰਨ ਅਤੇ ਸਵਿਧਾਨ ਤੋਂ ਉਪਰ ਕੋਈ ਨਹੀਂ ਹੈ। ਉਨ੍ਹਾਂ ਕਿਹਾ ਕਿ ਈ.ਡੀ. ਵੱਲੋਂ ਦਰਜ ਕੀਤੇ ਮਾਮਲੇ ਵਿੱਚ ਉਨ੍ਹਾਂ ਨੂੰ ਜਮਾਨਤ ਮਿਲੀ ਸੀ ਪਰ ਉਨ੍ਹਾਂ ਨੂੰ ਬਾਹਰ ਆਉਂਣ ਤੋਂ ਰੋਕਣ ਦੇ ਲਈ ਸੀ.ਬੀ.ਆਈ. ਵੱਲੋਂ ਇੱਕ ਮਾਮਲਾ ਬਣਾਇਆ ਗਿਆ ਸੀ ਜਿਸ ਦਾ ਕੋਈ ਅਧਾਰ ਨਹੀਂ ਸੀ। ਉਨ੍ਹਾਂ ਕਿਹਾ ਕਿ ਮਾਨਯੋਗ ਕੇਜਰੀਵਾਲ ਜੀ ਦੇ ਬਾਹਰ ਆਉਂਣ ਤੇ ਸਾਰੇ ਪਾਰਟੀ ਵਰਕਰ ਉਨ੍ਹਾਂ ਨੂੰ ਜੀ ਆਇਆ ਆਖਦੇ ਹਨ। ਜਿਸ ਤਰ੍ਹਾਂ ਵਿਰੋਧੀ ਪਾਰਟੀਆਂ ਆਮ ਆਦਮੀ ਪਾਰਟੀ ਦੀ ਲੀਡਰਸਿਪ ਨੂੰ ਨਿਸਾਨਾ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਸਵਿਧਾਨ ਵਿੱਚ ਵਿਸਵਾਸ ਰੱਖਣ ਵਾਲੇ ਲੋਕਾਂ ਨੂੰ ਬਹੁਤ ਵੱਡਾ ਹੌਂਸਲਾ ਮਿਲਿਆ ਹੈ ਕਿ ਅੱਜ ਵੀ ਦੇਸ ਦੇ ਕਾਨੂੰਨ ਦੀ ਰਾਖੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਪਾਰਟੀ ਵਰਕਰਾਂ ਨੂੰ ਵੀ ਬਲ ਮਿਲਿਆ ਹੈ ਅਤੇ ਪਾਰਟੀ ਅੰਦਰ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ।

## ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਬਣੇ ਯੂ.ਕੇ. ਸੰਸਦੀ ਰੱਖਿਆ ਕਮੇਟੀ ਦੇ ਚੇਅਰਮੈਨ

# ਦੇਸ਼ ਨੂੰ ਸੁਰੱਖਿਅਤ ਰੱਖਣਾ ਸਰਕਾਰ ਦਾ ਮੁੱਢਲਾ ਫਰਜ਼ : ਸ. ਢੇਸੀ



### ਸ. ਢੇਸੀ ਪਹਿਲੇ ਪੰਜਾਬੀ ਅਤੇ ਪਹਿਲਾ ਸਿੱਖ ਚਿਹਰਾ

**ਲੰਡਨ, 13 ਸਤੰਬਰ (ਸਰਬਜੀਤ ਸਿੰਘ ਬਨੂੜ)** - ਬੀਤੇ ਦਿਨੀ ਬਰਤਾਨਵੀ ਸੰਸਦ ਦੀ ਰੱਖਿਆ ਚੋਣ ਕਮੇਟੀ ਦੇ ਚੇਅਰਮੈਨ ਦੀ ਚੋਣ ਵਿੱਚ ਸਲੋਹ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਰੱਖਿਆ ਕਮੇਟੀ ਦਾ ਚੇਅਰਮੈਨ ਚੁਣਿਆ ਗਿਆ ਹੈ। ਦੱਸਣਯੋਗ ਹੈ ਕਿ ਇਹ ਕਮੇਟੀ ਵਿਸ਼ੇਸ਼ ਤੌਰ 'ਤੇ ਰੱਖਿਆ ਸਬੰਧੀ ਬਰਤਾਨਵੀ ਸਰਕਾਰ ਦੀਆਂ ਨੀਤੀਆਂ ਦੀ ਘੋਖ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ ਅਤੇ ਯੂ.ਕੇ. ਦੇ ਹਾਊਸ ਆਫ਼ ਕਾਮਨਜ਼ ਦੇ 650 ਸੰਸਦ ਮੈਂਬਰ ਹੀ ਇਸ ਸਿਲੈਕਟ ਕਮੇਟੀ ਦੀ ਚੋਣ ਲਈ ਵੋਟਾਂ ਪਾ ਸਕਦੇ ਹਨ। ਇਸ ਚੋਣ ਵਿੱਚ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਤਨਮਨਜੀਤ ਸਿੰਘ ਢੇਸੀ ਇਸ ਰੱਖਿਆ ਕਮੇਟੀ ਦੇ ਚੇਅਰਮੈਨ ਵਜੋਂ ਚੁਣੇ ਜਾਣ ਵਾਲੇ ਏਸ਼ੀਆਈ ਪਿਛੋਕੜ ਜਾਂ ਘੱਟ ਗਿਣਤੀ ਵਰਗ ਨਾਲ ਸਬੰਧਿਤ ਪਹਿਲੇ ਸਿੱਖ ਸੰਸਦ ਮੈਂਬਰ ਹਨ। ਇਸ ਤੋਂ ਇਲਾਵਾ 2020 ਵਿੱਚ ਵੀ ਉਹ ਬਤੌਰ ਮੈਂਬਰ ਸੇਵਾ ਨਿਭਾਅ ਚੁੱਕੇ ਹਨ। ਜ਼ਿਕਰਯੋਗ ਹੈ ਕਿ ਤਨਮਨਜੀਤ ਸਿੰਘ ਢੇਸੀ ਸੰਸਦ ਮੈਂਬਰ ਵਜੋਂ ਪਿਛਲੇ ਸੱਤ ਸਾਲਾਂ ਤੋਂ ਵੱਧ ਸਮੇਂ ਤੋਂ ਸਲੋਹ ਸੰਸਦੀ ਹਲਕੇ ਦੀ ਸੇਵਾ ਕਰ ਰਹੇ ਹਨ। ਯੂ.ਕੇ. ਦੀ ਸੰਸਦ ਵਿੱਚ ਸਪੀਕਰ ਸਰ ਲਿੰਡਸੇ ਹੋਇਲ ਵੱਲੋਂ ਕਮੇਟੀ ਦੇ ਚੋਣ ਨਤੀਜਿਆਂ ਦੇ ਐਲਾਨ ਤੋਂ ਬਾਅਦ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਰੱਖਿਆ ਚੋਣ ਕਮੇਟੀ ਦਾ ਚੇਅਰਮੈਨ ਚੁਣੇ ਜਾਣ 'ਤੇ ਮੈਨੂੰ ਬਹੁਤ ਮਾਣ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਸਮੂਹ ਲੋਕਾਂ, ਜਿਨ੍ਹਾਂ ਨੇ ਮੈਨੂੰ ਸਮਰਥਨ ਦਿੱਤਾ ਅਤੇ ਮੇਰੇ 'ਤੇ ਭਰੋਸਾ ਜਤਾਉਣ ਵਾਲੇ ਸਮੁੱਚੇ ਹਾਊਸ ਆਫ਼ ਕਾਮਨਜ਼ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਉਨ੍ਹਾਂ ਕਿਹਾ ਕਿ ਕੌਮੀ ਸੁਰੱਖਿਆ ਅਤੇ ਆਲਮੀ ਸਥਿਰਤਾ ਲਈ ਖ਼ਤਰੇ ਅਤੇ ਮੁਸ਼ਿਕਲਾਂ ਦਿਨੋਂ-ਦਿਨ ਵਧ ਰਹੀਆਂ ਹਨ ਅਤੇ ਇਹ ਬੇਹੱਦ ਜ਼ਰੂਰੀ ਹੈ ਕਿ ਬਰਤਾਨੀਆ ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਹਮੇਸ਼ਾ ਤਿਆਰ ਰਹੇ। ਉਨਾਂ ਕਿਹਾ ਕਿ ਉਹ ਬਹਾਦਰ ਸਾਬਕਾ ਸੈਨਿਕਾਂ ਅਤੇ ਸੇਵਾ ਕਰਮਚਾਰੀਆਂ ਦੀ ਆਵਾਜ਼ ਬਣ ਕੇ ਇਹ ਯਕੀਨੀ ਬਣਾਉਣਗੇ ਕਿ ਸਰਕਾਰ ਉਨ੍ਹਾਂ ਦੇ ਹਿੱਤਾਂ ਨੂੰ ਵਿਸ਼ੇਸ਼ ਤਰਜੀਹ ਦੇਵੇ, ਕਿਉਂ ਕਿ ਦੇਸ਼ ਨੂੰ ਸੁਰੱਖਿਅਤ ਰੱਖਣਾ ਸਰਕਾਰ ਦਾ ਮੁੱਢਲਾ ਫਰਜ਼ ਹੈ। ਸ ਢੇਸੀ ਦੀ ਨਿਯੁਕਤੀ ਤੇ ਪੰਜਾਬੀ ਸਭਿਆਚਾਰਕ ਕੌਂਸਲ ਅਤੇ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਸ ਹਰਜੀਤ ਸਿੰਘ ਗਰੇਵਾਲ, ਸਾਬਕਾ ਮੇਅਰ ਸ ਜੋਗਿੰਦਰ ਸਿੰਘ ਬੱਲ, ਸਾਬਕਾ ਪ੍ਰਧਾਨ ਬਰਜਿੰਦਰ ਸਿੰਘ ਜੌਹਲ, ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਸ ਢੇਸੀ ਨੂੰ ਸੁਭ ਕਾਮਨਾਵਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV





### ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਪਲੇਠੀ ਮੀਟਿੰਗ ਵਿੱਚ ਸੰਗਤ ਨੇ ਭਰੀ ਵੱਡੀ ਹਾਜਰੀ

# ਫਰੀਦਕੋਟ ਤੋਂ ਹੋਈ ਸ਼ੁਰੂਆਤ ਨੇ ਵਰਕਰਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕੀਤੀ

- ☛ ਬੇਅਦਬੀ ਕੇਸ ਚੰਡੀਗੜ੍ਹ ਤਬਦੀਲ ਹੋਣ ਤੇ ਗਹਿਰੀ ਚਿੰਤਾ ਪ੍ਰਗਟ ਕੀਤੀ
- ☛ ਪੰਥ ਅਤੇ ਅਕਾਲੀ ਦਲ ਦੀ ਚੜਦੀ ਕਲ੍ਹਾ ਲਈ ਹੋਈਆਂ ਵਿਚਾਰਾਂ











**ਫਰੀਦਕੋਟ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਵੱਲੋਂ ਅੱਜ ਫਰੀਦਕੋਟ ਵਿੱਚ ਪਲੇਠੀ ਮੀਟਿੰਗ ਕਰਦਿਆਂ ਇਸ ਗੱਲ ਤੇ ਸੰਤੁਸ਼ਟੀ ਜਾਹਿਰ ਕੀਤੀ ਕਿ ਜਿਸ ਮਕਸਦ ਪੰਥ ਅਤੇ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਓਹਨਾ ਨੇ ਪਿਛਲੇ ਦਿਨੀਂ ਹੰਭਲਾ ਮਾਰਿਆ ਸੀ ਉਸ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ। ਅੱਜ ਪਲੇਠੀ ਮੀਟਿੰਗ ਵਿੱਚ ਆਏ ਸੁਧਾਰ ਲਹਿਰ ਦੇ ਆਗੂਆਂ ਨੇ ਜਿੱਥੇ ਵਰਕਰਾਂ ਤੋਂ ਆਉਣ ਵਾਲੇ ਸਮੇਂ ਵਿੱਚ ਬਣਨ ਵਾਲੀ ਰਣਨੀਤੀ ਲਈ ਸੁਝਾਅ ਮੰਗੇ ਉਥੇ ਹੀ ਪਿਛਲੇ ਦਿਨਾਂ ਵਿੱਚ ਹੋਏ ਕਾਰਜਾਂ ਦੀ ਫੀਡ ਬੈਕ ਵੀ ਲਈ ਤਾਂ ਜੋ ਭਵਿੱਖ ਦੀ ਰਣਨੀਤੀ ਘੜਨ ਵੇਲੇ ਉਸਾਰੂ ਰਸਤਾ ਅਖਤਿਆਰ ਕੀਤਾ ਜਾ ਸਕੇ। ਇਸ ਮੌਕੇ ਸੁਧਾਰ ਲਹਿਰ ਦੇ ਕਨਵੀਨਰ ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਈ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ, ਮੌਜੂਦਾ ਭਗਵੰਤ ਮਾਨ ਸਰਕਾਰ ਹਰ ਫਰੰਟ ਤੇ ਫੇਲ ਸਾਬਤ ਹੋਈ ਹੈ। ਪਿਛਲੇ ਦਿਨੀਂ ਪਾਏ ਗਏ ਵਿੱਤੀ ਬੋਝ ਨੇ ਆਮ ਆਦਮੀ ਪਾਰਟੀ ਦੇ ਜੇਬ ਤੇ ਵੱਡਾ ਡਾਕਾ ਮਾਰਿਆ ਹੈ। ਇਸ ਤੋਂ ਇਲਾਵਾ ਓਹਨਾ ਨੇ ਸੂਬਾ ਸਰਕਾਰ ਨੂੰ ਲੰਮੇ ਹੱਥੀ ਲੈਂਦਿਆਂ ਕਿਹਾ ਕਿ ਸਰਕਾਰ ਦੀ ਇਹ ਨਲਾਇਕੀ ਰਹੀ ਕਿ ਦੋਸ਼ੀਆਂ ਦੀਆਂ ਅਪੀਲਾਂ ਤੇ ਬਰਗਾੜੀ ਬੇਅਦਬੀ ਦੇ ਮਾਮਲੇ ਫਰੀਦਕੋਟ ਜਿਲਾ ਅਦਾਲਤ ਤੋਂ ਟਰਾਂਸਫਰ ਹੋਕੇ ਚੰਡੀਗੜ ਸ਼ਿਫਟ ਹੋ ਗਏ ਜਿਸ ਨਾਲ ਹੁਣ ਗਵਾਹੀਆਂ ਦੇਣ ਵਾਲੇ ਅਤੇ ਇਨ੍ਹਾਂ ਮਾਮਲਿਆਂ ਵਿੱਚ ਇਨਸਾਫ਼ ਮੰਗ ਰਹੀ ਸੰਗਤ ਦੇ ਵਕੀਲਾਂ ਨੂੰ ਚੰਡੀਗੜ ਜਾਣਾ ਪਵੇਗਾ। ਇਸ ਤੋਂ ਇਲਾਵਾ ਬੀਬੀ ਜਗੀਰ ਕੌਰ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਐਸਜੀਪੀਸੀ ਲਈ ਵੋਟ ਜਰੂਰ ਬਣਾਉਣ ਤਾਂ ਜੋ ਸੰਗਤ ਦੀ ਵੋਟ ਰਾਹੀਂ ਚੁਣੇ ਜਾਣ ਵਾਲੇ ਨੁੰਮਾਇਦੇ ਪੰਥ ਪ੍ਰਸਤੀਆਂ ਦੇ ਰੂਪ ਵਿੱਚ ਕੌਮ ਨੂੰ ਮਿਲਣ ਨਾ ਕਿ ਕਿਸੇ ਪਰਵਾਰ ਦੀ ਜੀ ਹਜ਼ੂਰੀ ਵਾਲੇ ਹੋਣ। ਇਸ ਮੌਕੇ ਬੀਬੀ ਜਗੀਰ ਕੌਰ ਨੇ ਗੁਰਦੁਆਰਾ ਕਮੇਟੀ ਵਿੱਚ ਜਰੂਰੀ ਸੁਧਾਰਾਂ ਦੀ ਪੁਰਜੋਰ ਮੰਗ ਕੀਤੀ। ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਈ ਸੰਗਤ ਨੂੰ ਅਪੀਲ ਕੀਤੀ ਕਿ ਆਉਣ ਵਾਲੇ ਦਿਨਾਂ ਵਿੱਚ ਕੌਮ ਦੇ ਰੌਸ਼ਨ ਦਿਮਾਗ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਸੌ ਸਾਲਾ ਜਨਮ ਸ਼ਤਾਬਦੀ ਮਨਾਉਣ ਲਈ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਜਰੂਰ ਹਾਜਰੀ ਭਰੇ ਅਤੇ ਇਸ ਲਹਿਰ ਨੂੰ ਨਵੀਂ ਦਿਸ਼ਾ ਵਿੱਚ ਲਿਜਾਣ ਲਈ ਸੰਗਤ ਆਪਣਾ ਯੋਗਦਾਨ ਪਾਵੇ। ਇਸ ਤੋਂ ਇਲਾਵਾ ਓਹਨਾ ਨੇ ਪਿਛਲੇ ਦਿਨੀਂ ਮਨਾਈ ਗਈ ਸੰਤ ਹਰਚੰਦ ਸਿੰਘ ਲੋਗੋਵਾਲ ਦੀ ਬਰਸੀ ਸਮੇਂ ਹੋਈ ਇਕਤੱਰਤਾ ਜਿਸ ਨੇ ਸੁਧਾਰ ਲਹਿਰ ਨੂੰ ਬਲ ਬਖਸ਼ਿਆ ਸੀ ਵਰਕਰਾਂ ਦਾ ਧੰਨਵਾਦ ਕੀਤਾ। ਸੁਧਾਰ ਲਹਿਰ ਦੇ ਮੈਂਬਰ ਸਕੱਤਰ ਤੇ ਸੀਨੀਅਰ ਆਗੂ ਚਰਨਜੀਤ ਸਿੰਘ ਬਰਾੜ ਨੇ ਹੁਣ ਤੱਕ ਦੇ ਕੀਤੇ ਗਏ ਸਮਾਗਮਾਂ ਦੀ ਜਾਣਕਾਰੀ ਸਾਂਝੀ ਕੀਤੀ ਉਥੇ ਹੀ ਸੁਧਾਰ ਲਹਿਰ ਦੀ ਹਰ ਪਿੰਡ ਪੱਧਰ ਤੇ ਇਕਾਈ ਬਣਾਉਣ ਲਈ ਜ਼ਰੂਰੀ ਆਨਲਾਈਨ ਪ੍ਰਫਾਰਮੇ ਤੋ ਸਭ ਨੂੰ ਜਾਣੂ ਕਰਵਾਇਆ ਤਾਂ ਕਿ ਮੁਢਲੀ ਇਕਾਈ ਤੋ ਸ੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੂੰ ਕਾਮਯਾਬ ਕੀਤਾ ਜਾ ਸਕੇ। ਇਸ ਮੌਕੇ ਫਰੀਦਕੋਟ ਤੋਂ ਸਾਬਕਾ ਸਾਂਸਦ ਬੀਬੀ ਪਰਮਜੀਤ ਕੌਰ ਗੁਲਸ਼ਨ ਨੇ ਕਿਹਾ ਕਿ ਇਹ ਮੇਰਾ ਆਪਣਾ ਹਲਕਾ ਹੈ ਲੋਕਾਂ ਨਾਲ ਭਾਵਨਾਤਿਕ ਤੌਰ ਤੇ ਜੁੜੇ ਹਨ। ਬੀਬੀ ਪਰਮਜੀਤ ਕੌਰ ਲਾਡਰਾਂ ਨੇ ਕਿਹਾ ਜਦੋ ਦੀ ਸੁਧਾਰ ਲਹਿਰ ਸ਼ੁਰੂ ਕੀਤੀ ਹੈ ਅਸੀ ਕਾਫੀ ਕੰਮ ਕੀਤੇ ਹਨ। ਇਸ ਸਮੇਂ ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਡਵੋਕੇਟ ਜੋਗਿੰਦਰ ਸਿੰਘ ਬਰਾੜ, ਪਵਨਪ੍ਰੀਤ ਸਿੰਘ ਅਤੇ ਕੁਲਵੀਰ ਸਿੰਘ ਮੱਤਾ ਨੇ ਵੀ ਸੰਬੋਧਨ ਕੀਤਾ। ਇਹਨਾਂ ਤੋਂ ਇਲਾਵਾ ਭੁਪਿੰਦਰ ਸਿੰਘ ਸੇਖੂਪੁੱਰ, ਜਗਜੀਤ ਸਿੰਘ ਕੋਹਲੀ, ਰਾਮਪਾਲ ਸਿੰਘ ਬਰਗਾੜੀ, ਗੁਲਸ਼ਨ ਸਿਮਘ ਰੋਮਾਣਾ, ਹੋਰਾ ਗਿੱਲ, ਗੁਰਪ੍ਰੀਤ ਸਿੰਘ ਬਰਾੜ, ਹਰਿੰਦਰਪਾਲ ਸਿੰਘ ਅਤੇ ਜਿਲੇ ਵਿੱਚੋਂ ਹੋਰ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV


# "ਭਾਈ ਜੰਗ ਸਿੰਘ ਵਲੋਂ ਸ਼ੁਰੂ ਕੀਤੀ ਬੰਦੀ ਸਿੰਘਾਂ ਦੀ ਰਿਹਾਈ ਦਾ ਅਗਲਾ ਪੜ੍ਹਾਅ ਅਮਰ ਸ਼ਹੀਦ ਭਾਈ ਗੁਰਬਖਸ਼ ਸਿੰਘ ਜੀ ਖਾਲਸਾ ਹੋ ਨਿਬੜੇ"



**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਹਿ ਜੀ॥**

ਗੁਰੂ ਪਿਆਰੀ ਗੁਰੂ ਸਵਾਰੀ ਸਾਧ ਸੰਗਤ ਜੀ ਅਜ ਅਸੀ ਉਸ ਆਪਣੇ ਰੰਗਲੇ ਯਾਰ ਦੀ ਯਾਦ ਇਕੱਠੇ ਹੋਏ ਹਾਂ ਜਿਹੜਾ ਸੱਜਣ ਨਾਮ ਦਾ ਜੰਗ ਸਿੰਘ ਨਹੀ ਸੀ ਉਸਨੇ ਸੱਚਮੁਚ ਹੀ ਇਕ ਜੰਗ ਲੜੀ। ਉਹ ਜੰਗ ਜਿਹੜੀ ਜੰਗ ਨੇ ਦੂਨੀਆ ਨੂੰ ਦੱਸਿਆ ਕਿ ਭਾਰਤੀ ਨਿਜਾਮ ਕਿਵੇ ਸਿੱਖਾ ਨਾਲ ਕਿੰਝ ਧੱਕਾ ਕਰਦਾ ਹੈ। ਕਿਵੇ ਸਿੱਖ ਕੌਮ ਦੀ ਆਜਾਦੀ ਲਹਿਰ ਦੇ ਯੋਧੇ ਸਜਾਵਾਂ ਪੂਰੀਆਂ ਕਰਨ ਦੇ ਬਾਵਜੂਦ 35-35 ਸਾਲ ਤੋ ਜੇਲਾਂ ਦੇ ਚਿੱਚ ਬੈਠੇ ਨੇ। ਜਿਹੜੀ ਜੰਗ ਭਾਈ ਜੰਗ ਸਿੰਘ ਨੇ ਸ਼ੁਰੂ ਕੀਤੀ ਉਸਨੂੰ ਸ਼ਾਰੀ ਦੁਨੀਆਂ ਜਾਣਦੀ ਹੈ ਉਹ ਜੰਗ ਸੀ ਬੰਦੀ ਸਿੰਘਾ ਦੀ ਰਿਹਾਈ। ਭਾਈ ਜੰਗ ਸਿੰਘ ਵਲੋ ਸ਼ੁਰੂ ਕੀਤੀ ਬੰਦੀ ਸਿੰਘਾ ਦੀ ਰਿਹਾਈ ਦਾ ਅਗਲਾ ਪੜਾਅ ਅਮਰ ਸ਼ਹੀਦ ਭਾਈ ਗੁਰਬਖਸ਼ ਸਿੰਘ ਜੀ ਖਾਲਸਾ ਹੋ ਨਿਭੜੇ । ਇਹਨਾ ਤੋ ਬਾਅਦ ਬਾਪੂ ਸੂਰਤ ਸਿੰਘ ਜੀ ਨੇ ਬੰਦੀ ਸਿੰਘਾ ਦੀ ਰਿਹਾਈ ਦੀ ਜੰਗ ਲੜੀ ਭਾਈ ਜੰਗ ਸਿੰਘ ਜੀ ਉਸ ਜੰਗ ਦਾ ਵੀ ਅਹਿਮ ਹਿੱਸਾ ਸਨ। ਭਾਈ ਜੰਗ ਸਿੰਘ ਵਲੋ ਸ਼ੁਰੂ ਕੀਤੀ ਬੰਦੀ ਸਿੰਘਾ ਲਈ ਜੰਗ ਦਾ ਤੀਜਾ ਪੜਾਅ ਚੰਡੀਗੜ ਮੋਹਾਲੀ ਬਾਡਰਾਂ ਤੇ ਲੱਗਿਆ ਬੰਦੀ ਸਿੰਘ ਰਿਹਾਈ ਮੋਰਚਾ ਹੈ। ਭਾਵੇ ਕੁਝ ਕਾਰਨ ਹੋ ਸਕਦੇ ਨੇ ਉਨਾ ਦੇ ਯੋਗਦਾਨ ਨੂੰ ਕੋਈ ਘਟ ਜਾਂ ਵਧ ਕਰ ਕੇ ਵੇਖੇ ਪਰ ਭਾਈ ਜੰਗ ਸਿੰਘ ਵਲੋ ਬੰਦੀ ਸਿੰਘਾ ਦੀ ਰਿਹਾਈ ਦੀ ਜੰਗ ਅਜ ਸੰਸਾਰ ਪੱਧਰ ਤੇ ਜਾਣੀ ਜਾਂਦੀ ਹੈ। ਬੰਦੀ ਸਿੰਘਾਂ ਦੇ ਸੰਘਰਸ਼ ਚ ਭਾਈ ਸਾਬ ਨੂੰ ਹਮੇਸ਼ਾ ਯਾਦ ਰਖਿਆ ਜਾਏਗਾ । ਭਾਈ ਜੰਗ ਸਿੰਘ ਦਾ ਜਨਮ ਮੁਸਤਫਾਬਾਦ ਦੀ ਉਸ ਧਰਤੀ ਤੇ ਹੋਇਆ ਜਿਸ ਧਰਤੀ ਤੇ ਫਖਰੇ ਸ਼ਹੀਦ ਭਾਈ ਕੇਹਰ ਸਿੰਘ ਦਾ ਜਨਮ ਹੋਇਆ ਜਿਨਾ ਨੂ ਇੰਦਰਾਂ ਗਾਂਧੀ ਕਤਲ ਕਾਂਢ ਚ ਫਾਸੀ ਤੇ ਲਟਕਾਇਆ ਗਿਆ । ਭਾਈ ਜੰਗ ਸਿੰਘ ਉਹ ਪੰਥ ਦਰਦੀ ਇਨਸਾਨ ਸੀ ਜਿਹੜਾ ਹਰ ਵਕਤ ਉਹ ਕੰਮ ਆਉਦਾ ਸੀ ਅੱਧੀ ਰਾਤ ਵੀ ਆਵਾਜ ਮਾਰਦੇ ਸੀ ਤੇ ਕਦੇ ਕਿਸੇ ਨੂੰ ਮਨਾ ਨਹੀ ਸੀ ਕਰਦਾ ਹਰ ਦੁਖ ਸੁਖ ਵਿਚ ਖੜਦਾ ਸੀ। ਮੈਨੂ ਯਾਦ ਹੈ ਮੇਰੀਆਂ ਪੇਸ਼ੀਆਂ ਤੇ ਅਕਸਰ ਹੀ ਕਿਸੇ ਨਾ ਕਿਸੇ ਰੂਪ ਚ ਕਦੇ ਮੇਰੇ ਪਿਤਾ ਜੀ ਦੇ ਨਾਲ ਕਦੇ ਮੇਰੇ ਮਾਤਾ ਜੀ ਕੋਲ ਅਤੇ ਕਦੇ ਲੁਧਿਆਣੇ ਪੇਸ਼ੀਆਂ ਚ ਕਚਿਹਰੀਆਂ ਚ ਕੱਲਾ ਹੀ ਖੜਿਆ ਹੁੰਦਾ ਸੀ ਮੈ ਪਥਕ ਰੂਪ ਵਿੱਚ ਅਤੇ ਨਿੱਜੀ ਰੂਪ ਵਿੱਚ ਸਦਾ ਹੀ ਜੰਗ ਸਿੰਘ ਹੋਰਾਂ ਦਾ ਰਿਣੀ ਰਹਾਂਗਾ ਅਤੇ ਮੇਰੇ ਦਿਲ ਚ ਮੇਰਾ ਉਹ ਰੰਗਲਾ ਸੱਜਣ ਵਾਸਦਾ ਰਹੇਗਾ। ਪੰਜਾਬ ਦੀਆਂ ਵੱਖ ਵੱਖ ਜੇਲਾ ਵਿੱਚ ਬੰਦ ਬੰਦੀ ਸਿੰਘਾਂ ਨੂੰ ਭਾਈ ਜੰਗ ਸਿੰਘ ਦੇ ਜਾਣ ਦਾ ਬਹੁਤ ਵੱਡਾ ਘਾਟਾ ਪਿਆ ਹੈ। ਪਰਿਵਾਰ ਨੂੰ ਉਨਾ ਦੇ ਦੋਸਤਾਂ ਮਿਤਰਾਂ ਨੂ ਤੇ ਘਾਟਾ ਪੈਣਾ ਹੀ ਸੀ ਪਰ ਪੰਥ ਨੂੰ ਵੀ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਮੈ ਸਿਰਫ ਇਕੋ ਗਲ ਕਹਿ ਕੇ ਆਪਦੀ ਗਲ ਖਤਮ ਕਰਾਂਗੀ ਇਸ ਰੰਗਲੇ ਸੱਜਣ ਨੂੰ ਬੰਦੀ ਸਿੰਘ ਦੀ ਰਿਹਾਈ ਲਈ ਲੜੀ ਗਈ ਜੰਗ ਕਰਕੇ ਭਾਈ ਜੰਗ ਸਿੰਘ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਅਤੇ ਸਿੱਖ ਕੌਮ ਦੀ ਸਿਰਮੌਰ ਸੰਸ਼ਥਾ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੂ ਬੇਨਤੀ ਕਰਦੇ ਹਾਂ ਕਿ ਬੰਦੀ ਸਿੰਘਾਂ ਦੀ ਰਿਹਾਈ ਦੇ ਕਈ ਜਦੋ ਵੀ ਕੋਈ ਦਸਤਾਵੇਜ ਲਿਖਿਆ ਜਾਵੇ ਤਾ ਉਸਦੀ ਸ਼ੁਰੂਆਤ ਭਾਈ ਜੰਗ ਸਿੰਘ ਵਲੋ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ੁਰੂ ਕੀਤੀ ਜਾਵੇ। ਅਸੀ ਐਨਾ ਕੁ ਕਹਿੰਦੇ ਹੋਏ ਖਿਮਾ ਦੇ ਜਾਚਕ ਹਾ ਜੀ

ਆਵਾਜ਼ਿ ਕੌਮ
AWAZE QAUM
International Newspaper & WEB TV



**ਗੁਰੂ ਪੰਥ ਦੇ ਦਾਸ**
**ਸੁਰਿੰਦਰ ਸਿੰਘ ਠੀਕਰੀਵਾਲ**

--✶ ਜਾਰੀ ਕਰਤਾ ✶--

## ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ
## ਮੁਖ ਸੇਵਾਦਾਰ ਜੱਥਾ ਠੀਕਰੀਵਾਲ

## ਜਵੱਦੀ ਟਕਸਾਲ ਵਿਖੇ ਬਹੁਤ ਵੱਡੀ ਪੱਧਰ 'ਤੇ

# ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ 80ਵਾਂ ਸਥਾਪਨਾ ਦਿਵਸ ਮਨਾਇਆ ਗਿਆ

### ਸਿੱਖ ਕੌਮ ਦਾ ਦਰਦ ਰੱਖਣ ਵਾਲੀਆਂ ਮਹਾਨ ਸ਼ਖਸ਼ੀਅਤਾਂ ਨੇ ਹਾਜ਼ਰੀ ਲਵਾਈ









**ਜਵੱਦੀ ਟਕਸਾਲ** ਵਿੱਖੇ ਬਹੁਤ ਵੱਡੀ ਪੱਧਰ 'ਤੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ 80ਵਾਂ ਸਥਾਪਨਾ ਦਿਵਸ , ਜਿਸ ਵਿੱਚ ਸਿੱਖ ਕੌਮ ਦਾ ਦਰਦ ਰੱਖਣ ਵਾਲੀਆਂ ਮਹਾਨ ਸ਼ਖਸ਼ੀਅਤਾਂ ਨੇ ਹਾਜ਼ਰੀ ਲਵਾਈ, ਨਾਲ ਹੀ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ .ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪਰਸਤ ਮੇਜਰ ਸਿੰਘ , ਜਿਸ ਵਿਚ ਭਾਈ ਸੁਖਵਿੰਦਰ ਸਿੰਘ ਅਗਵਾਨ ਗਿਆਨੀ ਤੇਗਵੀਰ ਸਿੰਘ ਅਜਨਾਲੇ ਵਾਲੇ ਬਾਬਾ ਅਵਤਾਰ ਸਿੰਘ ਸਾਧਾ ਵਾਲੇ ਭਾਈ ਸਰਬਜੀਤ ਸਿੰਘ ਸੋਹਲ ਕਵਲਜੀਤ ਸਿੰਘ ਬਰਾੜ ਭਾਈ ਦਵਿੰਦਰ ਸਿੰਘ ਦਮਦਮੀ ਟਕਸਾਲ ਸੰਗਰਾਵਾਂ ਭਾਈ ਅਮਰ ਸਿੰਘ ਭਤੀਜੇ ਸ਼ਹੀਦ ਭਾਈ ਗੁਰਜੀਤ ਸਿੰਘ ਭਾਈ ਬਲਵਿੰਦਰ ਸਿੰਘ ਰੋਡੇ ਮੁੱਖ ਬੁਲਾਰਾ ਤੇ ਹੋਰ ਵੀ ਬਹੁਤ ਸਾਰੀਆਂ ਸਤਿਕਾਰ ਯੋਗ ਸਖਸ਼ੀਅਤਾਂ ਨੇ ਹਾਜ਼ਰੀ ਭਰੀ ਫੈਡਰੇਸ਼ਨ ਸਾਰੇ ਜਿਲਾ ਪ੍ਰਧਾਨ ਹਾਜਰ ਸਨ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਦਾਸ ਦਲੇਰ ਸਿੰਘ ਡੋਡ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ। ••

ਆਵਾਜ਼ਿ ਕੌਮ AWAZE QAUM International Newspaper & WEB TV

### ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ

# 16 ਤੋਂ 18 ਸਤੰਬਰ ਤਕ ਕਰਵਾਏ ਜਾ ਰਹੇ ਵਿਸ਼ੇਸ਼ ਗੁਰਮਤਿ ਸਮਾਗਮ



**ਨਵੀਂ ਦਿੱਲੀ**, 13 **ਸਤੰਬਰ (ਆਵਾਜ਼ਿ ਕੌਮ ਬਿਊਰੋ)**-ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵਿਖੇ ਚੌਥੇ ਪਾਤਸ਼ਾਹ ਧੰਨ-ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ 450ਵਾਂ ਗੁਰਿਆਈ ਗੁਰਪੁਰਬ ਅਤੇ ਤੀਜੇ ਪਾਤਸ਼ਾਹ ਧੰਨ-ਧੰਨ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਜੋਤੀ-ਜੋਤ ਪੁਰਬ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ 16 ਸਤੰਬਰ ਤੋਂ 18 ਸਤੰਬਰ 2024 ਤੱਕ ਕਰਵਾਏ ਜਾ ਰਹੇ ਹਨ।ਤਖਤ ਸੱਚਖੰਡ ਸ੍ਰੀ ਹਜ਼ੂਰ ਵਿਖੇ ਇਸ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਗੁਰਪੁਰਬ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤ ਪੁਰਬ ਸਬੰਧੀ ਦੋ ਰੋਜ਼ਾ ਵਿਸ਼ੇਸ਼ ਗੁਰਮਤਿ ਸਮਾਗਮ 16 ਤੋਂ 18 ਸਤੰਬਰ ਤੱਕ ਰੋਜ਼ਾਨਾ ਰਾਤੀ 8 ਵਜੇ ਤੋਂ 11 ਵਜੇ ਤੱਕ ਪੰਜ ਪਿਆਰੇ ਸਾਹਿਬਾਨਾਂ ਦੀ ਸਰਪ੍ਰਸਤੀ ਹੇਠ ਹੋਣਗੇ।ਇਨਾਂ ਸਮਾਗਮਾਂ ਦੀ ਸਫਲਤਾ ਲਈ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਕ (ਪ੍ਰਸ਼ਾਸਕ) ਡਾ. ਵਿਜੇ ਸਤਬੀਰ ਸਿੰਘ, ਜਿਨ੍ਹਾਂ ਦੇ ਦਿਸ਼ਾ-ਨਿਰਦੇਸ਼ ਦੁਆਰਾ ਇਨਾਂ ਸਮਾਗਮਾਂ ਦੀ ਤਿਆਰੀਆਂ ਹੋ ਰਹੀਆਂ ਹਨ।ਇਹ ਵਿਸ਼ੇਸ਼ ਗੁਰਮਤਿ ਸਮਾਗਮ ਇਸ ਸਾਲ ਤਖਤ ਸੱਚਖੰਡ ਸਾਹਿਬ ਜੀ ਦੀ ਬਾਹਰਲੀ ਪਰਿਕਰਮਾ ਵਿੱਚ ਬਣੇ ਅਖੰਡ ਪਾਠ ਸਾਹਿਬ ਜੀ ਦੇ ਕੈਬਿਨ ਦੇ ਕੋਲ ਹੋਵੇਗਾ।ਇਸ ਵਿਸ਼ੇਸ਼ ਗੁਰਮਤਿ ਸਮਾਗਮ ਵਿੱਚ ਪੰਥ ਪ੍ਰਸਿੱਧ ਗਿਆਨੀ ਜਸਵਿੰਦਰ ਸਿੰਘ ਜੀ ਸ਼ਹੂਰ, ਭਾਈ ਜਗਦੀਪ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ), ਭਾਈ ਸੁਖਜੀਤ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ), ਭਾਈ ਮੰਗਤ ਸਿੰਘ (ਸ੍ਰੀ ਅੰਮ੍ਰਿਤਸਰ), ਭਾਈ ਜਸਕਰਨ ਸਿੰਘ ਪਟਿਆਲੇ ਵਾਲੇ, ਭਾਈ ਤਰਨਵੀਰ ਸਿੰਘ ਲੁਧਿਆਣੇ ਵਾਲਿਆਂ ਦੇ ਰਾਗੀ ਜੱਥੇ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਪ੍ਰਬੰਧਕਾਂ ਨੇ ਸੰਗਤਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਉਪਰੋਕਤ ਸਮਾਗਮਾਂ ਵਿੱਚ ਸਮੇਂ ਸਿਰ ਹਾਜ਼ਰੀਆਂ ਭਰ ਕੇ ਗੁਰੂ ਜੱਸ ਸਰਵਣ ਕਰਕੇ ਗੁਰੂ ਮਹਾਰਾਜ ਦੇ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

**ਚੌਥੇ ਪਾਤਸ਼ਾਹ ਦੇ ਗੁਰਿਆਈ ਦਿਵਸ ਤੇ ਤੀਜੇ ਪਾਤਸ਼ਾਤ ਦੇ ਜੋਤੀ-ਜੋਤ ਪੁਰਬ ਸਬੰਧੀ ਦੋ ਦਿਨ ਸੱਜਣਗੇ ਦੀਵਾਨ : ਡਾ. ਵਿਜੇ ਸਤਬੀਰ ਸਿੰਘ**

### ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ਼ਾਹਦਰਾ ਵਿਖੇ ਸਾਰਾਗੜ੍ਹੀ ਯੁੱਧ ਦੀ ਯਾਦ ਮਨਾਈ

# ਸ਼ਹਾਦਤਾਂ ਦੀ ਗੁੜ੍ਹਤੀ ਸਿੱਖ ਕੌਮ ਨੂੰ ਵਿਰਸੇ ਵਿੱਚ ਮਿਲੀ: ਪ੍ਰਿੰਸੀਪਲ ਸਤਿਬੀਰ ਸਿੰਘ



**ਨਵੀਂ ਦਿੱਲੀ**, 13 **ਸਤੰਬਰ (ਆਵਾਜ਼ਿ ਕੌਮ ਬਿਊਰੋ)**-ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਲੋਨੀ ਰੋਡ ਸ਼ਾਹਦਰਾ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਚੇਅਰਮੈਨ ਸ. ਪਰਵਿੰਦਰ ਸਿੰਘ ਲੱਕੀ, ਸੀਨੀਅਰ ਵਾਈਸ ਚੇਅਰਮੈਨ ਸ. ਦਲਵਿੰਦਰ ਸਿੰਘ ਅਤੇ ਮੈਨੇਜਰ ਕਮ-ਪ੍ਰਿੰਸੀਪਲ ਸਤਿਬੀਰ ਸਿੰਘ ਵੱਲੋਂ ਜਿੱਥੇ ਅਕਾਦਮਿਕ ਖੇਤਰ 'ਚ ਨਿਵੇਕਲੇ ਕਾਰਜ ਕੀਤੇ ਜਾ ਰਹੇ, ਉੱਥੇ ਹੀ ਸਕੂਲੀ ਵਿਦਿਆਰਥੀਆਂ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੋੜਨ ਵਾਸਤੇ ਵੀ ਸਮੇਂ-ਸਮੇਂ ਤੇ ਉਪਰਾਲੇ ਕੀਤੇ ਜਾਂਦੇ ਹਨ।ਇਸੇ ਲੜੀ ਦੇ ਤਹਿਤ ਸਕੂਲ 'ਚ ਸਾਰਾਗੜ੍ਹੀ ਜੰਗ ਦੀ ਯਾਦ ਮਨਾਈ ਗਈ।ਪ੍ਰੋਗਰਾਮ ਦੀ ਆਰੰਭਤਾ ਮੂਲ ਮੰਤਰ ਰਾਹੀਂ ਕੀਤੀ ਗਈ।ਉਪਰੰਤ ਪ੍ਰਿੰਸੀਪਲ ਸ. ਸਤਿਬੀਰ ਸਿੰਘ ਨੇ ਕਿਹਾ ਕਿ ਸਾਰਾਗੜ੍ਹੀ ਦੀ ਲੜਾਈ ਵਿੱਚ ਸਿੱਖ ਫ਼ੌਜੀਆਂ ਦੀ ਬਹਾਦਰੀ ਦੇ ਕਾਰਨਾਮਿਆਂ ਨੇ ਇੱਕ ਨਵਾਂ ਇਤਿਹਾਸ ਰਚ ਦਿੱਤਾ।ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ, ਜਿਸ ਦਲੇਰੀ ਤੇ ਬਹਾਦਰੀ ਨਾਲ ਸਿੱਖ ਫ਼ੌਜੀਆਂ ਨੇ ਅਫ਼ਗਾਨੀ ਕਬਾਇਲੀਆਂ ਦੇ ਦੰਦ ਖੱਟੇ ਕੀਤੇ, ਉਸ ਨਾਲ ਸਿੱਖਾਂ ਦੀ ਪ੍ਰਸਿੱਧੀ 'ਚ ਵਾਧਾ ਹੀ ਨਹੀਂ ਹੋਇਆ ਸਗੋਂ ਅੰਗਰੇਜ਼ ਜਰਨੈਲਾਂ ਨੂੰ ਸਿੱਖਾਂ ਦੀ ਬਹਾਦਰੀ ਦੀ ਈਨ ਮੰਨਣ ਲਈ ਵੀ ਮਜ਼ਬੂਰ ਹੋਣਾ ਪਿਆ। ਚੇਅਰਮੈਨ ਪਰਵਿੰਦਰ ਸਿੰਘ ਲੱਕੀ ਵੱਲੋਂ ਇਸ ਮੌਕੇ ਵਿਦਿਆਰਥੀਆਂ ਨੂੰ ਭੇਜੇ ਲਿਖਤੀ ਸੁਨੇਹੇ 'ਚ ਦੱਸਿਆ ਗਿਆ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸੂਰਬੀਰ ਸਿੱਖਾਂ ਦੀ ਬਹਾਦਰੀ ਤੋਂ ਜਾਣੂੰ ਕਰਾਉਣਾ ਸਾਡਾ ਮੁਢਲਾ ਫ਼ਰਜ਼ ਹੈ।ਸਾਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਤੇ ਮਾਣ ਕਰਨਾ ਚਾਹੀਦਾ ਹੈ।ਸੀਨੀਅਰ ਵਾਈਸ ਚੇਅਰਮੈਨ ਦਲਵਿੰਦਰ ਸਿੰਘ ਦੇ ਅਨੁਸਾਰ ਯੂਨੈਸਕੋ ਨੇ 2500 ਸਾਲਾਂ ਵਿੱਚ ਲੜੀਆਂ ਗਈਆਂ ਲੜਾਈਆਂ ਵਿੱਚ 7 ਮਹੱਤਵਪੂਰਨ ਲੜਾਈਆਂ ਅੰਦਰ ਸਾਰਾਗੜ੍ਹੀ ਦੀ ਲੜਾਈ ਨੂੰ ਸ਼ਾਮਲ ਕੀਤਾ, ਤਾਂਕਿ ਬੱਚਿਆਂ ਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਨਾਲ ਜੁੜਣ ਦਾ ਮੌਕਾ ਮਿਲੇ।ਪ੍ਰੋਗਰਾਮ ਦੇ ਅਖੀਰ ਵਿੱਚ ਸਕੂਲ ਦੀ ਵਾਈਸ ਪ੍ਰਿੰਸੀਪਲ ਮੈਡਮ ਸਤਨਾਮ ਕੌਰ ਵੱਲੋਂ ਭਵਿੱਖ 'ਚ ਵੀ ਅਜਿਹੇ ਪ੍ਰੋਗਰਾਮ ਕਰਾਏ ਜਾਣ ਦੀ ਆਪਣੀ ਵਚਨਬੱਧਤਾ ਦੁਹਰਾਈ।ਇਸ ਮੌਕੇ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੂੰ ਸਾਰਾਗੜ੍ਹੀ ਨਾਲ ਸੰਬੰਧਤ 'ਡਾਕੂਮੈਂਟਰੀ' ਫਿਲਮ ਵਿਖਾਈ ਗਈ। ਸਕੂਲੀ ਵਿਦਿਆਰਥੀਆਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਨਾਲ ਸਾਰਾਗੜ੍ਹੀ ਦੇ ਯੋਧਿਆਂ ਨੂੰ ਆਪਣੀ ਅਕੀਦਤ ਭੇਟ ਕੀਤੀ।ਪੰਜਾਬੀ ਵਿਭਾਗ ਦੇ ਮੁੱਖੀ ਪ੍ਰਕਾਸ਼ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਸਿੱਖ ਧਰਮ ਦੇ ਅਨੁਆਈਆਂ 'ਚ ਇਹ ਗੁਣ ਹੈ ਕਿ ਜਿਸ ਅਦਾਰੇ 'ਚ ਵੀ ਨੌਕਰੀ ਕਰਦੇ ਹਨ ਉਸ ਪ੍ਰਤੀ ਪੂਰੀ ਤਰ੍ਹਾਂ ਨਾਲ ਵਫ਼ਾਦਾਰ ਰਹਿੰਦੇ ਹਨ ਫੇਰ ਭਾਵੇਂ ਉਹਨਾਂ ਨੂੰ ਆਪਣੀ ਜਾਨ ਹੀ ਕੁਰਬਾਣ ਕਿਉਂ ਨਾ ਕਰਨੀ ਪਵੇ।ਉਹਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ 21 ਸਿੱਖ ਸ਼ਹੀਦਾਂ ਦੀ ਸ਼ਹਾਦਤ ਬਾਰੇ ਜਦੋਂ ਇੰਗਲੈਂਡ ਦੇ ਸੰਸਦ ਮੈਂਬਰਾਂ ਨੂੰ ਪਤਾ ਲੱਗਿਆ ਤਾਂ ਉਹਨਾਂ ਵੱਲੋਂ ਇਹਨਾਂ ਸ਼ਹੀਦਾਂ ਨੂੰ ਸਤਿਕਾਰ ਵਜੋਂ 'ਸਟੈਂਡਿੰਗ ਓਬੇਸਨ' ਦਿੱਤੀ ਗਈ।ਬ੍ਰਿਟਿਸ਼ ਸਰਕਾਰ ਵੱਲੋਂ ਇਹਨਾਂ ਸਾਰੇ ਫੌਜੀਆਂ ਨੂੰ 'ਇੰਡੀਅਨ ਆਰਡਰ ਆਫ ਮੈਰਿਟ' ਦਾ ਅਵਾਰਡ ਦੇ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

**ਸਾਡਾ ਮੁੱਢਲਾ ਫ਼ਰਜ਼ ਵਿਦਿਆਰਥੀਆਂ ਨੂੰ ਸਿੱਖਾਂ ਦੀ ਬਹਾਦਰੀ ਬਾਰੇ ਦੱਸਣਾ: ਪਰਵਿੰਦਰ ਸਿੰਘ ਲੱਕੀ**

# ਗਜ਼ਟਿਡ ਐਂਡ ਨਾਨ ਗਜ਼ਟਿਡ ਐਸ. ਸੀ./ਬੀ. ਸੀ. ਇਪਲਾਈਜ ਵੈਲਫੇਅਰ ਫਡਰੇਸਨ ਜ਼ਿਲ੍ਹਾ ਮੋਗਾ ਦੀ ਚੋਣ ਹੋਈ

### ਦਵਿੰਦਰ ਸਿੰਘ ਦੀਨਾ ਲਗਾਤਾਰ ਚੌਥੀ ਵਾਰ ਪ੍ਰਧਾਨ ਚੁਣੇ ਗਏ



**ਮੋਗਾ, 13 ਸਤੰਬਰ (ਸੁਖਮੰਦਰ ਸਿੰਘ ਸ਼ਾਤ)**-ਅੱਜ 43 ਦਫਤਰ ਮੋਗਾ ਦੇ ਯੂਨੀਅਨ ਦੇ ਦਫਤਰ ਵਿੱਚ ਨਵੀ ਬਾਡੀ ਦੀ ਚੋਣ ਕ੍ਰਿਸਨ ਲਾਲ ਅਤੇ ਮਨੋਹਰ ਲਾਲ ਜਿਲਾ ਪ੍ਰਧਾਨ ਫਰੀਦਕੋਟ ਦੀ ਦੇਖ,ਰੇਖ ਹੇਠ ਸਰਬਸੰਮਤੀ ਨਾਲ ਕਰਵਾਈ ਗਈ।ਜਿੱਸ ਵਿੱਚ ਚੇਅਰਮੈਨ ਮੰਗਤ ਸਿੰਘ,ਪ੍ਰਧਾਨ ਦਵਿੰਦਰ ਸਿੰਘ,ਜਰਨਲ ਸਕੱਤਰ ਬਲਵੰਤ ਸਿੰਘ,ਸੀਨੀਮੀਤ ਪ੍ਰਧਾਨ ਦਵਿੰਦਰਪਾਲ ਸਿੰਘ,ਮੀਤ ਪ੍ਰਧਾਨ ਦਵਿੰਦਰ ਕੁਮਾਰ,ਪ੍ਰੈਸ ਸਕੱਤਰ ਸੱਤਪਾਲ ਸਿੰਘ,ਖਜਾਨਚੀ ਸੁਰਿੰਦਰ ਕੁਮਾਰ,ਕਨੂੰਨੀ ਸਲਾਹਕਾਰ,ਪ੍ਰਸੋਤਮ ਲਾਲ,ਸਲਾਹਕਾਰ ਮੈਬਰ ਅਰਵਿੰਦਰ ਸਿੰਘ,ਸਿਵਚਰਨਜੀਤ ਸਿੰਘ,ਮੈਡਮ ਪ੍ਰਵੀਨ ਭੱਟੀ,ਤਰਸੇਮ ਸਿੰਘ ਅਤੇ ਯੂਨੀਅਨ ਦੇ ਵੱਡੀ ਗਿਣਤੀ ਵਿੱਚ ਆਗੂ ਸਹਿਬਾਨ ਵੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਥਾਨਕ ਸਭਿਆਚਾਰਾਂ ਦਾ ਖਾਤਮਾ ਅਤੇ ਡਿਜੀਟਲ ਉਪਨਿਵੇਸ਼ ਦਾ ਉਭਾਰ

**ਅਸੀਂ ਵੱਧ** ਤੋਂ ਵੱਧ ਡਿਜੀਟਲ ਪਲੇਟਫਾਰਮਾਂ 'ਤੇ ਭਰੋਸਾ ਕਰ ਰਹੇ ਹਾਂ ਜਿਸਦਾ ਸਥਾਨਕ ਸਭਿਆਚਾਰਾਂ ਅਤੇ ਵਿਚਾਰ ਪ੍ਰਕਿਰਿਆਵਾਂ 'ਤੇ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ। ਇਹ ਸਾਡੀ ਸੱਭਿਆਚਾਰਕ ਪਛਾਣ ਦੇ ਭਵਿੱਖ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ ਕੋਈ ਸਮਾਂ ਸੀ ਜਦੋਂ ਪਿੰਡ ਦੇ ਲੋਕ ਇੱਕ ਦੂਜੇ ਨੂੰ ਜਾਣਦੇ ਸਨ। ਇੱਕ ਵਿਅਕਤੀ ਦੇ ਵਿਵਹਾਰ ਵਿੱਚ ਇੱਕ ਮਿੰਟ ਦੀ ਤਬਦੀਲੀ ਦੂਜਿਆਂ ਦੇ ਧਿਆਨ ਵਿੱਚ ਲਿਆਵੇਗੀ। ਉਸ ਸਮਾਜ ਵਿੱਚ ਬੱਚੇ ਸੁਰੱਖਿਅਤ ਸਨ। ਸਾਡੇ ਦੇਸ਼ ਦੇ ਹਰ ਕਸਬੇ ਜਾਂ ਹਰ ਸਥਾਨ ਦੀ ਆਪਣੀ ਸੰਸਕ੍ਰਿਤੀ, ਪਰੰਪਰਾਵਾਂ, ਭਾਸ਼ਾ, ਖਾਣ-ਪੀਣ ਦੀਆਂ ਆਦਤਾਂ, ਪੈਦਾ ਕੀਤੇ ਉਤਪਾਦਾਂ ਅਤੇ ਇੱਥੋਂ ਤੱਕ ਕਿ ਦੱਸਣ ਲਈ ਇੱਕ ਕਹਾਣੀ ਵਿੱਚ ਵਿਲੱਖਣਤਾ ਹੈ।ਬਸਤੀਵਾਦ, ਬਾਹਰੀ ਅਤੇ ਅੰਦਰੂਨੀ ਦੋਵੇਂ ਤਰ੍ਹਾਂ, ਇੱਕ ਸਮੂਹ ਦੁਆਰਾ ਦੂਜੇ ਉੱਤੇ ਨਿਯੰਤਰਣ ਦੇ ਅਭਿਆਸ ਦੁਆਰਾ ਵਿਸ਼ੇਸ਼ਤਾ, ਨੇ ਇਤਿਹਾਸ ਨੂੰ ਮੁੜ ਲਿਖਣ ਨੂੰ ਡੂੰਘਾ ਪ੍ਰਭਾਵਤ ਕੀਤਾ ਹੈ।ਇਸਦੇ ਪਿੱਛੇ ਪ੍ਰੇਰਣਾ ਬਹੁਤ ਸਾਰੇ ਹਨ, ਆਰਥਿਕ ਲਾਭ, ਖੇਤਰੀ ਵਿਸਥਾਰ, ਧਾਰਮਿਕ ਪਰਿਵਰਤਨ, ਅਤੇ ਭੂ-ਰਾਜਨੀਤਿਕ ਸ਼ਕਤੀ, ਹੋਰ ਵਿਚਾਰਾਂ ਦੇ ਨਾਲ। ਪਹਿਲੇ ਸਮਿਆਂ ਵਿੱਚ, ਇਹ ਵਿਦੇਸ਼ੀ ਸਨ ਜੋ ਸਥਾਨਕ ਭਾਈਚਾਰੇ ਵਿੱਚ ਘੁਸਪੈਠ ਕਰਦੇ ਸਨ; ਹੁਣ, ਮੂਲ ਲੋਕਾਂ ਦੇ ਇੱਕ ਸਥਾਨ ਤੋਂ ਦੂਜੇ ਸਥਾਨ 'ਤੇ ਜਾਣ ਨਾਲ ਇੱਕ ਖੇਤਰ ਦੀ ਜਨਸੰਖਿਆ ਪ੍ਰੋਫਾਈਲ ਨੂੰ ਬਦਲ ਦਿੱਤਾ ਗਿਆ ਹੈ। ਬਹੁਤ ਸਾਰੇ ਵਿਅਕਤੀਆਂ ਲਈ, ਬਸਤੀਵਾਦ ਦੇ ਨਤੀਜੇ ਵਿਨਾਸ਼ਕਾਰੀ ਰਹੇ ਹਨ, ਨਤੀਜੇ ਵਜੋਂ ਸੱਭਿਆਚਾਰਕ ਰੀਤੀ-ਰਿਵਾਜਾਂ ਦੀ ਜਾਣਬੁੱਝ ਕੇ ਤਬਾਹੀ, ਵਿਅਕਤੀਆਂ ਦਾ ਸ਼ੋਸ਼ਣ, ਅਤੇ ਜ਼ਬਰਦਸਤੀ ਆਬਾਦੀ ਦਾ ਵਿਸਥਾਪਨ. ਬਸਤੀਵਾਦ ਦੇ ਕਾਰਨ ਸੱਭਿਆਚਾਰਕ ਮਿਟਾਉਣਾ ਇਸਦੇ ਸਭ ਤੋਂ ਸਥਾਈ ਪ੍ਰਭਾਵਾਂ ਵਿੱਚੋਂ ਇੱਕ ਹੈ। ਬਸਤੀਵਾਦੀਆਂ ਨੇ ਅਕਸਰ ਆਪਣੇ ਸਭਿਆਚਾਰਾਂ ਨੂੰ ਉੱਤਮ ਵਜੋਂ ਦਰਸਾਇਆ, ਜਿਸ ਨਾਲ ਸਵਦੇਸ਼ੀ ਭਾਸ਼ਾਵਾਂ, ਧਰਮਾਂ ਅਤੇ ਰੀਤੀ-ਰਿਵਾਜਾਂ ਨੂੰ ਦਬਾਇਆ ਜਾਂਦਾ ਹੈ।ਉਸ ਪ੍ਰਕਿਰਿਆ ਵਿੱਚ, ਅਸੀਂ ਸਥਾਨਕ ਅਰਥਚਾਰਿਆਂ ਨੂੰ ਵੀ ਗੁਆ ਦਿੱਤਾ ਜੋ ਸਾਡੇ ਸਮਾਜ ਵਿੱਚ ਪ੍ਰਫੁੱਲਤ ਸਨ। ਇੱਥੋਂ ਤੱਕ ਕਿ ਕਿਸੇ ਰਾਜ ਜਾਂ ਖੇਤਰ ਦੇ ਲੋਕਾਂ ਦੁਆਰਾ ਬੋਲੀਆਂ ਜਾਣ ਵਾਲੀਆਂ ਵੱਖ-ਵੱਖ ਉਪਭਾਸ਼ਾਵਾਂ ਵੀ ਬਾਹਰੀ ਆਪਸੀ ਤਾਲਮੇਲ ਕਾਰਨ ਗੁਆਚ ਗਈਆਂ ਹਨ। ਇਹ ਗੱਲ ਉਸ ਸਮੇਂ ਦੌਰਾਨ ਰਚੀਆਂ ਸਾਹਿਤਕ ਰਚਨਾਵਾਂ ਵਿੱਚ ਵੀ ਝਲਕਦੀ ਹੈ। ਬਦਕਿਸਮਤੀ ਨਾਲ, ਬਸਤੀਵਾਦ ਦੇ ਨਾਲ, ਅਸੀਂ ਆਪਣੇ ਸਮਾਜ ਨੂੰ ਇੱਕ ਸਮਾਨ ਬਣਾ ਦਿੱਤਾ ਹੈ। ਇਹ ਉਦੋਂ ਦੇਖਿਆ ਜਾ ਸਕਦਾ ਹੈ ਜਦੋਂ ਅਸੀਂ ਦੇਸ਼ ਭਰ ਵਿੱਚ ਯਾਤਰਾ ਕਰਦੇ ਹਾਂ। ਅਸੀਂ ਆਪਣੇ ਸ਼ਹਿਰਾਂ ਵਿੱਚ ਜਿਸ ਤਰ੍ਹਾਂ ਦਾ ਬੁਨਿਆਦੀ ਢਾਂਚਾ ਬਣਾਇਆ ਹੈ, ਉਸ ਨੇ ਹਰ ਸ਼ਹਿਰ ਨੂੰ ਇੱਕੋ ਜਿਹਾ ਬਣਾ ਦਿੱਤਾ ਹੈ। 90 ਦੇ ਦਹਾਕੇ ਦੇ ਅਖੀਰ ਤੱਕ, ਸਾਡੇ ਦੇਸ਼ ਵਿੱਚ ਹਰ ਜਗ੍ਹਾ ਕਿਸੇ ਵਿਲੱਖਣ ਭੂਗੋਲ, ਇੱਕ ਖਾਸ ਬਾਜ਼ਾਰ, ਜਾਂ ਕਿਸੇ ਵਿਅਕਤੀ ਦੀ ਮੌਜੂਦਗੀ ਦੁਆਰਾ ਜਾਣੀ ਜਾਂਦੀ ਸੀ। ਫਿਰ ਵੀ, ਬਸਤੀਵਾਦ ਨੇ ਮੂਲ ਅਤੇ ਬਸਤੀਵਾਦੀ ਆਬਾਦੀ ਵਿਚਕਾਰ ਗਿਆਨ, ਸੱਭਿਆਚਾਰ, ਖਾਣ-ਪੀਣ ਦੀਆਂ ਆਦਤਾਂ, ਸੰਕਲਪਾਂ ਅਤੇ ਤਕਨਾਲੋਜੀ ਦੇ ਆਦਾਨ-ਪ੍ਰਦਾਨ ਦੀ ਅਗਵਾਈ ਕੀਤੀ ਹੈ। 21ਵੀਂ ਸਦੀ ਵਿੱਚ, ਇੰਟਰਨੈਟ ਨੇ ਇੱਕ ਨਵੀਂ ਕਿਸਮ ਦਾ ਬਸਤੀਵਾਦ ਲਿਆਇਆ ਹੈ ਜਿਸ ਨੇ ਸਾਡੇ ਸਮਾਜ ਵਿੱਚ ਘੁਸਪੈਠ ਕਰਨੀ ਸ਼ੁਰੂ ਕਰ ਦਿੱਤੀ ਹੈ। ਬਸਤੀਕਰਨ ਦੇ ਇਸ ਨਵੇਂ ਰੂਪ ਨੂੰ ਡਿਜੀਟਲ ਉਪਨਿਵੇਸ਼ ਵਜੋਂ ਜਾਣਿਆ ਜਾਂਦਾ ਹੈ। "ਡਿਜੀਟਲ ਬਸਤੀਵਾਦ" ਸ਼ਬਦ ਬਹੁਤ ਸਾਰੇ ਬਹੁ-ਰਾਸ਼ਟਰੀ ਤਕਨਾਲੋਜੀ ਕਾਰੋਬਾਰਾਂ ਦੇ ਦਬਦਬੇ ਨੂੰ ਦਰਸਾਉਂਦਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੰਯੁਕਤ ਰਾਜ ਅਮਰੀਕਾ ਅਤੇ ਕੁਝ ਅਮੀਰ ਦੇਸ਼ਾਂ ਵਿੱਚ ਅਧਾਰਤ ਹਨ, ਪੂਰੀ ਦੁਨੀਆ ਦੇ ਡਿਜੀਟਲ ਬੁਨਿਆਦੀ ਢਾਂਚੇ ਅਤੇ ਡੇਟਾ ਉੱਤੇ। ਸਾਡੀਆਂ ਸਾਰੀਆਂ ਰੋਜ਼ਾਨਾ ਲੋੜਾਂ ਲਈ, ਅਸੀਂ ਨਿੱਜੀ ਗੱਲਬਾਤ ਦੀ ਮਾਤਰਾ ਨੂੰ ਘਟਾਉਂਦੇ ਹੋਏ, ਡਿਜੀਟਲ ਪਲੇਟਫਾਰਮਾਂ 'ਤੇ ਜ਼ਿਆਦਾ ਭਰੋਸਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਨਵਾਂ ਡਿਜੀਟਲ ਸੱਭਿਆਚਾਰ ਸਾਡੇ ਦੇਸ਼ ਦੇ ਦੂਰ-ਦੁਰਾਡੇ ਦੇ ਹਿੱਸਿਆਂ ਵਿੱਚ ਵੀ ਘੁਸਪੈਠ ਕਰ ਚੁੱਕਾ ਹੈ। ਇਹ ਡਿਜੀਟਲ ਟਾਈਟਨਸ ਸਾਡੀਆਂ ਜ਼ਿੰਦਗੀਆਂ ਵਿੱਚ ਹਰ ਚੀਜ਼ ਨੂੰ ਤਰਜੀਹ ਦਿੰਦੇ ਹਨ, ਜਿਸ ਵਿੱਚ ਸਾਨੂੰ ਕੀ ਖਰੀਦਣਾ ਚਾਹੀਦਾ ਹੈ, ਸਾਨੂੰ ਕਿਸ ਨਾਲ ਦੋਸਤੀ ਕਰਨੀ ਚਾਹੀਦੀ ਹੈ, ਕਿੱਥੇ ਪੜ੍ਹਨਾ ਹੈ, ਕਿਸ ਕੋਰਸ ਦਾ ਅਧਿਐਨ ਕਰਨਾ ਹੈ, ਅਤੇ ਇੱਥੋਂ ਤੱਕ ਕਿ ਜਨਮ ਕਿੱਥੇ ਕਰਨਾ ਹੈ। ਇਹ ਸੰਭਾਵੀ ਤੌਰ 'ਤੇ ਸਥਾਨਕ ਪਰੰਪਰਾਵਾਂ ਅਤੇ ਭਾਸ਼ਾਵਾਂ ਨੂੰ ਨਸ਼ਟ ਕਰ ਸਕਦਾ ਹੈ, ਕਿਉਂਕਿ ਅੱਜ ਵਰਤੇ ਜਾਂਦੇ ਜ਼ਿਆਦਾਤਰ ਭਾਸ਼ਾ ਫਾਰਮੈਟ ਡਿਜੀਟਲ ਪਲੇਟਫਾਰਮਾਂ ਦੇ ਅਨੁਕੂਲ ਬਣਾਏ ਗਏ ਹਨ। ਡਿਜੀਟਲ ਪਲੇਟਫਾਰਮ 'ਤੇ ਜੋ ਵੀ ਉਪਲਬਧ ਹੈ, ਉਸ 'ਤੇ ਲੋਕ ਅੰਨ੍ਹੇਵਾਹ ਵਿਸ਼ਵਾਸ ਕਰਨ ਲੱਗੇ। ਨਸ਼ਾ ਇੰਨਾ ਗੰਭੀਰ ਹੈ ਕਿ ਦਿੱਲੀ-ਐਨਸੀਆਰ ਦੇ ਆਟੋ ਅਤੇ ਟੈਕਸੀ ਡਰਾਈਵਰ, ਜਿਨ੍ਹਾਂ ਕੋਲ ਵਧੀਆ ਨੈਵੀਗੇਸ਼ਨ ਹੁਨਰ ਸੀ।ਪਹਿਲਾਂ ਦਿਮਾਗ ਦੀ ਵਰਤੋਂ ਕਰਦੇ ਹੋਏ, ਗੂਗਲ ਮੈਪਸ 'ਤੇ ਸ਼ਿਫਟ ਹੋ ਗਏ ਹਨ। ਗਲੋਬਲ ਆਈ.ਟੀ. ਦਿੱਗਜ ਵੱਖ-ਵੱਖ ਕਾਰਨਾਂ ਕਰਕੇ ਇੱਕ ਯੂਨੀਵਰਸਲ ਡਿਜੀਟਲ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਉਹਨਾਂ ਦੇ ਵਪਾਰਕ ਮਾਡਲਾਂ ਅਤੇ ਵਿਕਾਸ ਦੀਆਂ ਰਣਨੀਤੀਆਂ ਨਾਲ ਜੁੜੇ ਹੋਏ ਹਨ।ਹਾਲਾਂਕਿ ਇਹ ਡਿਜੀਟਲ ਸੱਭਿਆਚਾਰ ਗਲੋਬਲ ਕਨੈਕਟੀਵਿਟੀ, ਜਾਣਕਾਰੀ ਦੀ ਪਹੁੰਚ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਦਾ ਹੈ, ਇਸ ਵਿੱਚ ਖੇਤਰੀ ਵਿਭਿੰਨਤਾ ਅਤੇ ਰਵਾਇਤੀ ਜੀਵਨ ਸ਼ੈਲੀ ਨੂੰ ਅਸਪਸ਼ਟ ਕਰਨ ਦੀ ਸਮਰੱਥਾ ਵੀ ਹੈ। ਕੁਝ ਤਕਨੀਕੀ ਕੰਪਨੀਆਂ ਦੇ ਹੱਥਾਂ ਵਿੱਚ ਸ਼ਕਤੀ ਦਾ ਕੇਂਦਰੀਕਰਨ, ਸੱਭਿਆਚਾਰਕ ਮਿਟਾਉਣਾ, ਅਤੇ ਗੋਪਨੀਯਤਾ ਇਹਨਾਂ ਕਾਰਪੋਰੇਸ਼ਨਾਂ ਦੇ ਦਬਦਬੇ ਦੁਆਰਾ ਪੈਦਾ ਕੀਤੀਆਂ ਗਈਆਂ ਚਿੰਤਾਵਾਂ ਹਨ।




**-ਵਿਜੈ ਗਰਗ, ਸਾਬਕਾ ਪ੍ਰਿੰਸੀਪਲ, ਮਲੋਟ**